# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times — 24 ਜੂਨ 2025 ਦਿਨ ਮੰਗਲਵਾਰ — ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਮਲਕੀਤ ਸਿੰਘ ਥਿੰਦ ਚੇਅਰਮੈਨ ਟਿੱਲਾ ਬਾਬਾ ਫਰੀਦ ਵਿਖੇ ਹੋਏ ਨਤਮਸਤਕ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 24 ਜੂਨ : ਟਿੱਲਾ ਬਾਬਾ ਫ਼ਰੀਦ ਜੀ ਵਿਖੇ ਪੰਜਾਬ ਸਟੇਟ ਕਮਿਸ਼ਨ ਆਫ ਬੈਕਵਰਡ ਕਲਾਸਜ਼ ਦੇ ਚੇਅਰਮੈਨ ਸਰਦਾਰ ਮਲਕੀਤ ਸਿੰਘ ਥਿੰਦ ਜੀ ਟਿੱਲਾ ਬਾਬਾ ਫਰੀਦ ਜੀ ਵਿਖੇ ਨਤਮਸਤਕ ਹੋਏ। ਉਹਨਾਂ ਦੇ ਪਹੁੰਚਣ ’ਤੇ ਸਰਦਾਰ ਸਿਮਰਜੀਤ ਸਿੰਘ ਸੇਖੋਂ ਪ੍ਰੈਜ਼ੀਡੈਂਟ ਬਾਬਾ ਫਰੀਦ ਧਾਰਮਿਕ ਅਤੇ ਵਿੱਦਿਅਕ ਸੰਸਥਾਵਾਂ ਫ਼ਰੀਦਕੋਟ ਨੇ ਉਹਨਾਂ ਦਾ ਸੁਆਗਤ ਕੀਤਾ। ਟਿੱਲਾ ਬਾਬਾ ਫਰੀਦ ਜੀ ਦੇ ਗ੍ਰੰਥੀ ਹਰਵਿੰਦਰ ਸਿੰਘ ਵੱਲੋਂ ਉਹਨਾਂ ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਮੈਨੇਜਰ ਨਿਸ਼ਾਨ ਸਿੰਘ ਵੱਲੋਂ ਬਾਬਾ ਫ਼ਰੀਦ ਸੰਸਥਾਵਾਂ ਦੇ ਸਿਰਜਕ ਸ. ਇੰਦਰਜੀਤ ਸਿੰਘ ਖਾਲਸਾ ਜੀ ਦੀਆਂ ਬਾਬਾ ਫਰੀਦ ਜੀ ਦੀ ਜੀਵਨੀ ਤੇ ਲਿਖਤ ਕਿਤਾਬਾਂ ਦੇ ਕੇ ਸਨਮਾਨਿਤ ਕੀਤਾ ਗਿਆ। ਸਰਦਾਰ ਮਲਕੀਤ ਸਿੰਘ ਥਿੰਦ ਜੀ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਬਹੁਤ ਹੀ ਖੁਸ਼ਕਿਸਮਤ ਸਮਝਦੇ ਹਨ ਕਿ ਉਹਨਾਂ ਨੂੰ ਬਾਬਾ ਫਰੀਦ ਜੀ ਦੀ ਇਸ ਪਵਿੱਤਰ ਨਗਰੀ ਵਿਖੇ ਆਉਣ ਦਾ ਮੌਕਾ ਮਿਲਿਆ ਹੈ।

## ਪੱਛੜੇ ਵਰਗਾਂ ਲਈ 27 ਪ੍ਰਤੀਸ਼ਤ ਰਾਖਵੇਂਕਰਨ ਲਈ ਮੁੱਖ ਮੰਤਰੀ ਨਾਲ ਗੱਲਬਾਤ ਕੀਤੀ ਜਾਵੇਗੀ : ਡਾ. ਮਲਕੀਤ ਸਿੰਘ

### ਪੰਜਾਬ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਦੇ ਚੇਅਰਮੈਨ ਵੱਲੋਂ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ

### ਪੱਛੜੇ ਵਰਗਾਂ ਦੀ ਭਲਾਈ ਲਈ ਸਕੀਮਾਂ ਦਾ ਲਾਭ ਹੇਠਲੇ ਪੱਧਰ ਤੱਕ ਪਹੁੰਚਾਉਣ ਦੇ ਨਿਰਦੇਸ਼

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 24 ਜੂਨ : ਪੰਜਾਬ ਸਰਕਾਰ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਦੇ ਚੇਅਰਮੈਨ ਡਾ. ਮਲਕੀਤ ਸਿੰਘ ਥਿੰਦ ਵੱਲੋਂ ਅੱਜ ਡਿਪਟੀ ਕਮਿਸ਼ਨਰ ਮੀਟਿੰਗ ਹਾਲ ਵਿਖੇ ਜਿਲੇ ਦੇ ਡਿਪਟੀ ਕਮਿਸ਼ਨਰ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ਅਤੇ ਪੰਜਾਬ ਤੇ ਕੇਂਦਰ ਸਰਕਾਰ ਵੱਲੋਂ ਪੱਛੜੇ ਵਰਗਾਂ ਨਾਲ ਸਬੰਧਤ ਵੱਖ-ਵੱਖ ਭਲਾਈ ਸਕੀਮਾਂ/ਯੋਜਨਾਵਾਂ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਚੇਅਰਮੈਨ ਡਾ. ਮਲਕੀਤ ਸਿੰਘ ਥਿੰਦ ਨੂੰ ਇਥੇ ਪਹੁੰਚਣ ਤੇ ਜੀ ਆਇਆਂ ਕਿਹਾ ਤੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੱਛੜੇ ਵਰਗਾਂ, ਅਨੁਸੂਚਿਤ ਜਾਤੀ, ਜਨਜਾਤੀ ਵਰਗਾਂ ਨਾਲ ਸਬੰਧਤ ਲੋਕਾਂ ਦੀ ਭਲਾਈ ਲਈ ਗਰਾਊਂਡ ਲੈਵਲ ਤੇ ਕੰਮ ਕੀਤਾ ਜਾ ਰਿਹਾ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਵੱਖ-ਵੱਖ ਕੈਂਪ ਲਾ ਕੇ ਇਨ੍ਹਾਂ ਸਕੀਮਾਂ ਸਬੰਧੀ ਲੋਕਾਂ ਨੂੰ ਹੋਰ ਵਧੇਰੇ ਜਾਣਕਾਰੀ ਦਿੱਤੀ ਜਾਵੇਗੀ। ਇਸ ਮੌਕੇ ਡਾ. ਮਲਕੀਤ ਸਿੰਘ ਥਿੰਦ ਚੇਅਰਮੈਨ ਪੰਜਾਬ ਰਾਜ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਚੇਅਰਮੈਨ ਬਣਾ ਕੇ ਇਸ ਵਰਗ ਦੀ ਭਲਾਈ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ ਤੇ ਉਹ ਪੂਰੀ ਤਨਦੇਹੀ ਨਾਲ ਪੱਛੜੇ ਵਰਗਾਂ ਦੀ ਭਲਾਈ ਲਈ ਸਕੀਮਾਂ/ਯੋਜਨਾਵਾਂ ਨੂੰ ਲਾਗੂ ਕਰਵਾਉਣ ਲਈ ਕੰਮ ਕਰਨਗੇ। ਇਸ ਮੌਕੇ ਭਲਾਈ ਵਿਭਾਗ, ਸਿੱਖਿਆ ਵਿਭਾਗ, ਖੇਤੀਬਾੜੀ ਵਿਭਾਗ, ਬੈਕਇੰਫੋ, ਫੂਡ ਤੇ ਸਿਵਲ ਸਪਲਾਈ ਵਿਭਾਗ ਸਮੇਤ ਵੱਖ ਵੱਖ ਵਿਭਾਗਾਂ ਦੁਆਰਾ ਪੱਛੜੇ ਵਰਗਾਂ ਲਈ ਚਲਾਈਆਂ ਜਾਂਦੀਆਂ ਯੋਜਨਾਵਾਂ, ਸਕੀਮਾਂ ਦੀ ਜਾਣਕਾਰੀ ਲਈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪੱਛੜੇ ਵਰਗਾਂ ਨਾਲ ਸਬੰਧਤ ਵੱਖ-ਵੱਖ ਸੰਸਥਾਵਾਂ ਐਨ.ਜੀ.ਓ. ਵੱਲੋਂ ਮੰਗ ਪੱਤਰ ਦਿੱਤੇ ਗਏ ਹਨ ਕਿ ਬਾਕੀ ਰਾਜਾਂ ਵਾਂਗ ਪੰਜਾਬ ਵਿੱਚ ਵੀ ਬੀ.ਸੀ ਵਰਗ ਲਈ ਸਿੱਖਿਆ ਸੰਸਥਾਵਾਂ ਵਿੱਚ ਦਾਖਲੇ ਤੇ ਨੌਕਰੀਆਂ ਵਿੱਚ 27 ਪ੍ਰਤੀਸ਼ਤ ਰਿਜ਼ਰਵੇਸ਼ਨ ਦਾ ਕੋਟਾ ਲਾਗੂ ਕੀਤਾ ਜਾਵੇ, ਇਸ ਲਈ ਕੇਂਦਰ ਸਰਕਾਰ ਵੱਲੋਂ ਪੰਜਾਬ ਸਰਕਾਰ ਨੂੰ ਪੱਤਰ ਵੀ ਲਿਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਜਲਦੀ ਹੀ ਮੁੱਖ ਮੰਤਰੀ ਨੂੰ ਮਿਲ ਕੇ ਪੱਛੜੇ ਵਰਗਾਂ ਦੀ ਇਸ ਮੰਗ ਸਬੰਧੀ ਜਾਣੂ ਕਰਵਾਉਣਗੇ ਅਤੇ ਉਨ੍ਹਾਂ ਨੂੰ ਸਮੇਂ ਸਿਰ ਯੋਗ ਕਾਰਵਾਈ ਕਰਨ ਦੀ ਅਪੀਲ ਵੀ ਕਰਨਗੇ। ਇਸ ਮੌਕੇ ਜਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸੁਖਜੀਤ ਸਿੰਘ ਢਿੱਲਵਾ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਜਿਲੇ ਵਿਚ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਵੱਖ ਵੱਖ ਵਰਗਾਂ ਦੀਆਂ ਭਲਾਈ ਸਕੀਮਾਂ ਸਬੰਧੀ ਸੁਵਿਧਾ ਕੈਂਪ ਲਗਾਏ ਜਾਣਗੇ ਅਤੇ ਲੋਕਾਂ ਨੂੰ ਉਨ੍ਹਾਂ ਦਾ ਲਾਭ ਲੈਣ ਲਈ ਜਾਗਰੂਕ ਕੀਤਾ ਜਾਵੇਗਾ। ਇਸ ਮੌਕੇ ਜਿਲਾ ਸਮਾਜਿਕ ਤੇ ਅਧਿਕਾਰਤਾ ਅਫਸਰ ਗੁਰਮੀਤ ਸਿੰਘ ਬਰਾੜ ਨੇ ਉਨ੍ਹਾਂ ਦੇ ਵਿਭਾਗ ਵੱਲੋਂ ਪੱਛੜੇ ਵਰਗ ਲਈ ਦਿਤੀਆਂ ਜਾ ਰਹੀਆਂ ਯੋਜਨਾਵਾਂ ਬਾਰੇ ਜਾਣੂੰ ਕਰਵਾਇਆ ਅਤੇ ਕਿਹਾ ਕਿ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਵੱਲੋਂ ਇਨ੍ਹਾਂ ਵਰਗਾਂ ਦੀ ਭਲਾਈ ਲਈ ਸਕੀਮਾਂ ਦਾ ਲਾਭ ਹੇਠਲੇ ਪੱਧਰ ਤੱਕ ਪਹੁੰਚਾਉਣਾ ਯਕੀਨੀ ਬਣਾਇਆ ਜਾਵੇਗਾ। ਇਸ ਮੌਕੇ ਐਸ.ਡੀ.ਐਮ ਫ਼ਰੀਦਕੋਟ ਮੇਜਰ ਡਾ. ਵਰੁਣ ਕੁਮਾਰ, ਚੇਅਰਮੈਨ ਮਾਰਕੀਟ ਕਮੇਟੀ ਕੋਟਕਪੂਰਾ ਗੁਰਮੀਤ ਸਿੰਘ ਆਰੇਵਾਲਾ, ਮੁੱਖ ਖੇਤੀਬਾੜੀ ਅਫਸਰ ਡਾ. ਕੁਲਵੰਤ ਸਿੰਘ, ਡੀ.ਐੱਫ ਐੱਸ ਸੀ. ਗੁਰਜੀਤ ਸਿੰਘ ਦਿਉਲ, ਜ਼ਿਲ੍ਹਾ ਸਿੱਖਿਆ ਅਫ਼ਸਰ ਨੀਲਮ ਰਾਣੀ, ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਟਰੀ ਅੰਜਨਾ ਕੌਸ਼ਲ, ਸ਼ਮਸ਼ੇਰ ਸਿੰਘ ਡੀ.ਐਸ.ਪੀ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਹਾਜਰ ਸਨ।

## ਜਲ ਸ਼ਕਤੀ ਅਭਿਆਨ ਤਹਿਤ ਕੇਂਦਰੀ ਟੀਮ ਵੱਲੋਂ ਜਿਲ੍ਹੇ ਦਾ ਦੌਰਾ

### ਲੋਕਾਂ ਨੂੰ ਨਿਰੰਤਰ ਸਾਫ ਪੀਣ ਵਾਲੇ ਪਾਣੀ ਮੁਹੱਈਆ ਕਰਵਾਉਣ ਦੇ ਦਿੱਤੇ ਨਿਰਦੇਸ਼

### ਪਿੰਡ ਢਿੱਲਵਾਂ ਕਲਾਂ ਅਤੇ ਹਰਿਦਆਲੇਆਣਾ ਦੇ ਵਾਟਰ ਵਰਕਸ ਦਾ ਕੀਤਾ ਦੌਰਾ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 24 ਜੂਨ: ਜਿਲ੍ਹੇ ਵਿੱਚ ਜਲ ਜੀਵਨ ਮਿਸ਼ਨ ਅਤੇ ਜਲ ਸ਼ਕਤੀ ਮਿਸ਼ਨ ਸਕੀਮਾਂ ਲਾਗੂ ਕਰਨ ਸਬੰਧੀ ਜਾਣਕਾਰੀ ਲੈਣ ਲਈ ਕੇਂਦਰੀ ਟੀਮ ਦੇ ਮੈਂਬਰ ਰੋਹਨ ਚੰਦ ਠਾਕੁਰ ਅਤੇ ਸ੍ਰੀ ਵਿਜੇ ਸਿੰਘ ਮੀਨਾ ਵੱਲੋਂ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਸਮੇਤ ਵੱਖ ਵੱਖ ਵਿਭਾਗਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨਾ ਉਨ੍ਹਾਂ ਜਿਲ੍ਹੇ ਵਿੱਚ ਸਾਫ ਪੀਣਯੋਗ ਪਾਣੀ, ਜਲ ਸੰਗ੍ਰਿਹ (ਬਰਸਾਤੀ ਪਾਣੀ ਦਾ ਜਮੀਨ ਵਿੱਚ ਰਿਚਾਰਜ), ਜਿਲ੍ਹੇ ਵਿੱਚ ਪੀਣ ਵਾਲੇ ਪਾਣੀ ਦੀ ਗੁਣਵੱਤਾ ਦੀ ਜਾਂਚ ਆਦਿ ਸਬੰਧੀ ਅਧਿਕਾਰੀਆਂ ਤੋਂ ਵਿਸਥਾਰ ਸਹਿਤ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਹਦਾਇਤ ਕੀਤੀ ਕਿ ਲੋਕਾਂ ਨੂੰ ਸਾਫ ਪੀਣਯੋਗ ਪਾਣੀ ਦੀ ਸਪਲਾਈ ਨਿਰੰਤਰ ਬਣਾਈ ਜਾਵੇ ਅਤੇ ਉਨ੍ਹਾਂ ਨੂੰ ਮੀਂਹ ਦੇ ਪਾਣੀ ਨੂੰ ਸਟੋਰ ਕਰਕੇ ਵਰਤਣ ਸਬੰਧੀ ਵੀ



ਜਾਗਰੂਕ ਕੀਤਾ ਜਾਵੇ। ਇਸ ਮੌਕੇ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਦੱਸਿਆ ਕਿ ਜਲ ਜੀਵਨ ਤਹਿਤ ਲੋਕਾਂ ਨੂੰ ਨਿਰੰਤਰ ਸਾਫ ਪੀਣ ਵਾਲਾ ਪਾਣੀ ਮੁਹੱਈਆਂ ਕਰਵਾਇਆ ਜਾ ਰਿਹਾ ਹੈ ਤੇ ਵੱਧ ਤੋਂ ਵੱਧ ਲੋਕਾਂ ਨੂੰ ਸਰਕਾਰ ਦੇ ਜਲ ਜੀਵਨ ਮਿਸ਼ਨ ਅਤੇ ਜਲ ਸ਼ਕਤੀ ਅਭਿਆਨ ਪ੍ਰਤੀ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਲੋਕਾਂ ਨੂੰ ਮੀਂਹ ਦੇ ਪਾਣੀ ਦੀ ਸੁਚੱਜੀ ਸੰਭਾਲ ਅਤੇ ਇਸ ਨੂੰ ਜਮੀਨ ਵਿੱਚ ਰਿਚਾਰਜ ਕਰਨ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਉਪਰੰਤ ਟੀਮ ਵੱਲੋਂ ਜਲ ਜੀਵਨ ਮਿਸ਼ਨ ਤਹਿਤ ਪਿੰਡ ਢਿੱਲਵਾਂ ਕਲਾਂ ਵਿਖੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੁਆਰਾ ਜਲ ਜੀਵਨ ਮਿਸ਼ਨ ਤਹਿਤ 4.30 ਕਰੋੜ ਦੀ ਲਾਗਤ ਨਾਲ ਤਿਆਰ ਕੀਤੇ ਵਾਟਰ ਵਰਕਸ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਪਿੰਡ ਢਿੱਲਵਾਂ ਕਲਾਂ ਦੇ ਘਰਾਂ ਵਿੱਚ ਜਾ ਕੇ ਪਾਣੀ ਦਾ ਪ੍ਰੈਸ਼ਰ ਅਤੇ ਗੁਣਵੱਤਾ ਦੀ ਜਾਂਚ ਕੀਤੀ ਅਤੇ ਪਿੰਡ ਦੇ ਸਕੂਲ ਵਿੱਚ ਮੀਂਹ ਦੇ ਪਾਣੀ ਦੀ ਸੰਭਾਲ ਲਈ ਕੈਚ ਦੀ ਰੇਨ ਤਹਿਤ ਰੇਨ ਵਾਟਰ ਹਾਰਵੈਸਟਿੰਗ ਨੂੰ ਚੈਕ ਕੀਤਾ ਗਿਆ। ਇਸ ਉਪਰੰਤ ਉਨ੍ਹਾਂ ਵਾਟਰ ਵਰਕਸ ਵਿਖੇ ਮੁਲਾਜਮਾਂ ਨਾਲ ਗੱਲਬਾਤ ਕੀਤੀ ਅਤੇ ਰਿਕਾਰਡ ਚੈਕ ਕੀਤਾ। ਇਸ ਮੌਕੇ ਉਨ੍ਹਾਂ ਵਾਟਰ ਵਰਕਸ ਦੀ ਜਗਾਂ ’ਤੇ ਬੂਟੇ ਲਾਏ। ਉਨ੍ਹਾਂ ਪਿੰਡ ਹਰਦਿਆਲੇਆਣਾ ਦੇ ਵਾਟਰ ਵਰਕਸ ਦਾ ਵੀ ਦੌਰਾ ਕੀਤਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਨਰਭਿੰਦਰ ਸਿੰਘ ਗਰੇਵਾਲ, ਐਸ.ਡੀ.ਐਮ. ਫਰੀਦਕੋਟ ਮੇਜਰ ਡਾ. ਵਰੁਣ ਕੁਮਾਰ, ਐਸ.ਡੀ.ਐਮ. ਜੈਤੋ ਸੂਰਜ ਕੁਮਾਰ, ਕਾਰਜਕਾਰੀ ਇੰਜੀਨੀਅਰ ਜਲ ਸਿਹਤ ਵਿਭਾਗ ਸ਼ਮਿੰਦਰ ਸਿੰਘ, ਐਸ.ਡੀ.ਓ ਸੁਭਾਸ਼ ਚੰਦਰ, ਬੀ.ਡੀ.ਪੀ.ਓ ਫਰੀਦਕੋਟ ਨੱਥਾ ਸਿੰਘ, ਬੀ.ਡੀ.ਪੀ.ਓ. ਕੋਟਕਪੂਰਾ ਵਿਕਾਸ ਕੁਮਾਰ, ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਮੈਡਮ ਨੀਲਮ ਰਾਣੀ, ਜਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਮੈਡਮ ਅੰਜਨਾ ਕੌਂਸਲ, ਗੁਰਪ੍ਰੀਤ ਸਿੰਘ ਜੇ.ਈ, ਗੁਰਇਕਲਾਬ ਸਿੰਘ ਜੇ.ਈ., ਜੇ.ਈ. ਰਾਜਨ ਗੋਇਲ, ਹਿਮਾਂਸ਼ੂ ਕੁਮਾਰ, ਸਰਪੰਚ ਰਾਜਵਿੰਦਰ ਸਿੰਘ, ਬਲਜੀਤ ਸਿੰਘ, ਬੀ.ਆਰ.ਸੀ ਗੁਰਤੇਜ ਸਿੰਘ, ਬਲਰਾਜ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

## ਸਰਵ ਉੱਚ ਅਦਾਲਤ ਵੱਲੋਂ ਮੁਲਾਜ਼ਮਾਂ ਦੇ ਹੱਕ ਵਿੱਚ ਹੋਏ ਹੁਕਮਾਂ ਦੇ ਬਾਵਜੂਦ

### ਸਿੱਖਿਆ ਵਿਭਾਗ ਪੰਜਾਬ ਨੇ 17 ਜੁਲਾਈ 2020 ਤੋਂ ਬਾਅਦ ਭਰਤੀ ਮੁਲਾਜ਼ਮਾਂ ਨੂੰ ਕੇਂਦਰੀ ਤਨਖਾਹ ਸਕੇਲ ਦੇਣ ਵਾਸਤੇ ਬਣਾਏ ਨਵੇਂ ਨਿਯਮ

### ਜਥੇਬੰਦੀਆਂ ਵਲੋਂ ਕੀਤਾ ਗਿਆ ਸਖਤ ਰੋਸ ਪ੍ਰਗਟ : ਪ੍ਰੇਮ ਚਾਵਲਾ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 24 ਜੂਨ : ਪੰਜਾਬ ਦੇ ਵੱਖ ਵੱਖ ਵਿਭਾਗਾਂ ਵਿੱਚ ਮਿਤੀ 17 ਜੁਲਾਈ 2020 ਤੋਂ ਬਾਅਦ ਕੇਂਦਰੀ ਤਨਖਾਹ ਸਕੇਲਾਂ ਵਿੱਚ ਭਰਤੀ ਹੋਏ ਮੁਲਾਜ਼ਮਾਂ ਨੇ ਪੰਜਾਬ ਦੇ ਤਨਖਾਹ ਸਕੇਲ ਲੈਣ ਲਈ ਮਾਨਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ। ਮਾਨਯੋਗ ਹਾਈਕੋਰਟ ਵੱਲੋਂ 13 ਸਤੰਬਰ 2024 ਨੂੰ ਸਿੰਗਲ ਜੱਜ ਸਾਹਿਬਾਨ, ਮਿਤੀ 10 ਦਸੰਬਰ 2024 ਨੂੰ ਮਾਨਯੋਗ ਅਦਾਲਤ ਦੇ ਡਬਲ ਬੈਂਚ ਵੱਲੋਂ ਮਿਤੀ 20 ਜਨਵਰੀ 2025 ਅਤੇ ਮਿਤੀ 20 ਮਾਰਚ 2025 ਨੂੰ ਮਾਨਯੋਗ ਸਰਵ ਉੱਚ ਅਦਾਲਤ ਵੱਲੋਂ ਪੰਜਾਬ ਸਰਕਾਰ ਦੁਆਰਾ ਪਾਈਆਂ ਗਈਆਂ ਸਪੈਸ਼ਲ ਲੀਵ ਪਟੀਸ਼ਨ ਅਤੇ ਰਿਵਿਊ ਪਟੀਸ਼ਨਾ ਨੂੰ ਖਾਰਜ ਕਰਦੇ ਹੋਏ ਮੁਲਾਜ਼ਮਾਂ ਦੇ ਹੱਕ ਵਿੱਚ ਫੈਸਲੇ ਦਿੱਤੇ ਗਏ ਸਨ। ਮਾਨਯੋਗ ਅਦਾਲਤਾਂ ਦੇ ਇਹਨਾਂ ਫੈਸਲਿਆਂ ਦੇ ਬਾਵਜੂਦ ਪੰਜਾਬ ਦੇ ਵੱਖ-ਵੱਖ ਵਿਭਾਗਾਂ ਨੇ ਮੁੱਖ ਸਕੱਤਰ ਪੰਜਾਬ ਸਰਕਾਰ ਦੀਆਂ ਮਿਤੀ 28, ਜਨਵਰੀ 2025 ਨੂੰ ਉੱਚ ਅਧਿਕਾਰੀਆਂ ਦੀ ਕੀਤੀ ਮੀਟਿੰਗ ਵਿੱਚ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਆਪਣੇ ਵਿਭਾਗੀ ਨਿਯਮਾਂ ਵਿੱਚ ਤਬਦੀਲੀ ਕਰਕੇ ਮਿਤੀ 17 ਜੁਲਾਈ 2020 ਤੋਂ ਬਾਅਦ ਭਰਤੀ ਮੁਲਾਜ਼ਮਾਂ ਨੂੰ ਕੇਂਦਰੀ ਤਨਖਾਹ ਸਕੇਲ ਦੇਣ ਲਈ ਹੁਕਮ ਜਾਰੀ ਕਰ ਰਹੇ ਹਨ। ਸਿੱਖਿਆ ਵਿਭਾਗ ਪੰਜਾਬ ਸਭ ਤੋਂ ਮੋਹਰੀ ਹੋ ਕੇ ਚੱਲ ਰਿਹਾ ਹੈ, ਜਿਸ ਨੇ ਬੀਤੇ ਦਿਨੀਂ 17 ਜੂਨ ਨੂੰ ਆਪਣੇ ਸੇਵਾ ਨਿਯਮਾਂ ਵਿੱਚ ਤਬਦੀਲੀ ਕਰ ਦਿੱਤੀ ਹੈ। ਇਸ ਸਬੰਧ ਵਿੱਚ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1680 ਸੈਕਟਰ 22ਬੀ, ਚੰਡੀਗੜ੍ਹ ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਚੇਅਰਮੈਨ ਦਰਸ਼ਨ ਸਿੰਘ ਲੁਬਾਣਾ, ਸਰਪ੍ਰਸਤ ਚਰਨ ਸਿੰਘ ਸਰਾਭਾ, ਸੂਬਾ ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ, ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਮੰਗਵਾਲ, ਗੁਰਮੇਲ ਸਿੰਘ ਮੈਲੜੇ ਤੇ ਗੁਰਜੀਤ ਸਿੰਘ ਘੋੜੇਵਾਹ, ਐਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ ਅਤੇ ਕਰਤਾਰ ਸਿੰਘ ਪਾਲ ਅਤੇ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਸਲਾਹਕਾਰ ਬਲਕਾਰ ਵਲਟੋਹਾ ਨੇ ਕਿਹਾ ਹੈ ਕਿ ਸਿੱਖਿਆ ਵਿਭਾਗ ਪੰਜਾਬ ਸਰਕਾਰ ਵੱਲੋਂ ਆਪਣੇ ਵੱਖ-ਵੱਖ ਵਰਗਾਂ ਦੇ ਮੁਲਾਜ਼ਮਾਂ ਨੂੰ ਕੇਂਦਰੀ ਤਨਖਾਹ ਸਕੇਲ ਦੇਣ ਸਬੰਧੀ ਜਾਰੀ ਕੀਤੇ ਗਏ ਇਹਨਾਂ ਨਿਯਮਾਂ ਨਾਲ ਮਾਨਯੋਗ ਉੱਚ ਅਦਾਲਤਾਂ ਵੱਲੋਂ ਕੀਤੇ ਗਏ ਫੈਸਲਿਆਂ ਦੀ ਸਰਾਸਰ ਉਲੰਘਣਾ ਕੀਤੀ ਗਈ ਹੈ। ਇਹ ਨਿਯਮ ਜਾਰੀ ਹੋਣ ਨਾਲ ਪੰਜਾਬ ਦੇ ਮੁਲਾਜ਼ਮਾਂ ਦਾ ਬਹੁਤ ਵੱਡੇ ਪੱਧਰ ਤੇ ਵਿੱਤੀ ਨੁਕਸਾਨ ਹੋਵੇਗਾ ਅਤੇ ਪੰਜਾਬ ਦੇ ਮੁਲਾਜ਼ਮਾਂ ਦਾ ਪਿਛਲੇ ਕਈ ਦਹਾਕਿਆਂ ਤੋਂ ਵੱਖਰਾ ਤਨਖਾਹ ਕਮਿਸ਼ਨ ਹੋਣ ਦੀ ਮੰਗ ਵੀ ਖਟਾਈ ਵਿੱਚ ਪੈ ਜਾਵੇਗੀ। ਆਗੂਆਂ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਫੈਸਲੇ ਖਿਲਾਫ ਪੰਜਾਬ ਦੇ ਮੁਲਾਜ਼ਮ ਆਪਣਾ ਜਥੇਬੰਦਕ ਸੰਘਰਸ਼ ਵੀ ਤਿੱਖਾ ਕਰਨਗੇ ਅਤੇ ਹਰ ਪ੍ਰਕਾਰ ਦੀ ਕਾਨੂੰਨੀ ਚਾਰਾਜੋਈ ਵੀ ਕਰਨਗੇ। ਆਗੂਆਂ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਤੋਂ ਮੰਗ ਕੀਤੀ ਹੈ ਕਿ ਲੋਕ ਹਿੱਤ ਵਿੱਚ ਮਾਨਯੋਗ ਸੁਪਰੀਮ ਕੋਰਟ ਦੇ ਮਿਤੀ 20 ਜਨਵਰੀ 2025 ਅਤੇ 28 ਮਾਰਚ 2025 ਦੇ ਫੈਸਲਿਆਂ ਨੂੰ ਪੰਜਾਬ ਦੇ ਵੱਖ-ਵੱਖ ਵਿਭਾਗਾਂ ਦੇ ਸਾਰੇ ਮੁਲਾਜ਼ਮਾਂ ਲਈ ਇੰਨ ਬਿੰਨ ਲਾਗੂ ਕੀਤਾ ਜਾਵੇ ਅਤੇ 17 ਜੁਲਾਈ 2020 ਤੋਂ ਬਾਅਦ ਹੁਣ ਤੱਕ ਪੰਜਾਬ ਦੇ ਵੱਖ-ਵੱਖ ਵਿਭਾਗਾਂ ਵਿੱਚ ਭਰਤੀ ਹੋਏ ਸਮੂਹ ਮੁਲਾਜ਼ਮਾਂ ਨੂੰ ਪੰਜਾਬ ਦੇ ਤਨਖਾਹ ਸਕੇਲ ਦੇਣ ਸਬੰਧੀ ਵਿੱਤ ਵਿਭਾਗ ਪੰਜਾਬ ਸਰਕਾਰ ਵੱਲੋਂ ਤੁਰੰਤ ਹਦਾਇਤਾਂ ਜਾਰੀ ਕੀਤੀਆਂ ਜਾਣ।

## ਯੋਗ ਆਪਣੇ ਮੂਲ ਨਾਲੋਂ ਟੁੱਟੇ ਮਨੁੱਖ ਨੂੰ ਜੋੜਨ ਵਿੱਚ ਸਹਾਈ ਹੋ ਸਕਦਾ ਹੈ:ਡਾ. ਸਵਰਾਜ ਸਿੰਘ

### ਕੈਪਟਨ ਹਰਕੇਸ਼ ਸਿੰਘ ਨੇ ਯੋਗਾ ਦੇ ਆਸਣਾਂ ਦਾ ਡੈਮੋ ਦਿੱਤਾ।

ਵਰਲਡ ਪੰਜਾਬੀ ਟਾਈਮਜ਼ ਗੁਰਨਾਮ ਸਿੰਘ

ਸੰਗਰੂਰ 24 ਜੂਨ : ਕੌਮਾਂਤਰੀ ਯੋਗ ਦਿਵਸ ਦੇ ਅਵਸਰ ਤੇ ਪੰਜਾਬੀ ਸਾਹਿਤ ਸਭਾ ਸੰਗਰੂਰ ਵੱਲੋਂ ਨਿਵੇਕਲੀਆਂ ਪੈੜਾਂ ਪਾਉਂਦੇ ਹੋਏ “ਯੋਗ ਅਤੇ ਮਾਨਸਿਕ ਸਿਹਤ” ਵਿਸ਼ੇ ਤੇ ਇੱਕ ਵਿਸ਼ਾਲ ਸੈਮੀਨਾਰ ਜਗਦੀਪ ਸਿੰਘ ਗੰਧਾਰਾ ਐਡਵੋਕੇਟ ਦੀ ਪ੍ਰਧਾਨਗੀ ਹੇਠ ਸੈਨਿਕ ਭਵਨ ਸੰਗਰੂਰ ਵਿਖੇ ਕਰਾਇਆ ਗਿਆ। ਮੁੱਖ ਵਕਤ ਡਾ. ਸਵਰਾਜ ਸਿੰਘ ਵਿਸ਼ਵ ਚਿੰਤਕ, ਉਦਘਾਟਨ ਪਵਨ ਹਰਚੰਦਪੁਰੀ ਪ੍ਰ.ਕੇਂ.ਪੰ.ਲੇ.ਸਭਾ (ਸੇਖੋਂ), ਮੁੱਖ ਮਹਿਮਾਨ ਮੇਘ ਰਾਜ ਸ਼ਰਮਾ ਬਠਿੰਡਾ, ਡਾ.



ਭਗਵੰਤ ਸਿੰਘ ਪ੍ਰਧਾਨਗੀ ਮੰਡਲ ਵਿੱਚ ਸ਼ਾਮਿਲ ਹੋਏ। ਭਾਸ਼ਾ ਵਿਭਾਗ ਦੇ ਸਾਬਕਾ ਡਾਇਰੈਕਟਰ ਰਛਪਾਲ ਸਿੰਘ ਗਿੱਲ ਨੂੰ ਸ਼ਰਧਾਂਜਲੀ ਉਪਰੰਤ ਆਰੰਭ ਹੋਏ ਸੈਮੀਨਾਰ ਦੇ ਪ੍ਰਯੋਜਨ ਬਾਰੇ ਗੱਲ ਕਰਦੇ ਹੋਏ ਸਭਾ ਦੇ ਪ੍ਰਧਾਨ ਡਾ. ਭਗਵੰਤ ਸਿੰਘ ਨੇ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਦੁਨੀਆਂ ਆਪਣੀ ਜੀਵਨ ਸ਼ੈਲੀ ਦੇ ਕਾਰਨ ਤਨਾਅ ਵਿੱਚ ਹੈ। ਇਸ ਤੋਂ ਬਚਨ ਲਈ ਭਾਰਤੀ ਦਰਸ਼ਨ ਦਾ ਮੁੱਖ ਸ਼ਾਸਤਰ ਯੋਗ ਬਹੁਤ ਉਪਯੋਗੀ ਹੈ, ਕਿਉਂਕਿ ਇਸਦਾ ਵਿਸ਼ੇਸ਼ ਸ਼ਾਸਤਰਾਂ ਵਿੱਚ ਵਿਸ਼ੇਸ਼ ਸਥਾਨ ਹੈ। ਸੈਮੀਨਾਰ ਵਿੱਚ ਦੋ ਪੇਪਰ ਪੜ੍ਹੇ ਗਏ। ਡਾ. ਜਗਦੀਪ ਕੌਰ ਆਹੂਜਾ ਨੇ ਯੋਗ ਅਤੇ ਗੁਰਮਿਤ ਵਿਚਾਰਧਾਰਾ ਦੇ ਪ੍ਰਸੰਗ ਵਿੱਚ ਗੰਭੀਰ ਚਰਚਾ ਕੀਤੀ। ਅਮਰ ਗਰਗ ਕਲਮਦਾਨ ਨੇ ਕਿਹਾ ਕਿ ਯੋਗਸ਼ਾਸਤਰ ਦਾ ਮੁੱਖ ਘਾੜਾ ਸੰਖਿਆ ਦਰਸ਼ਨ ਹੈ। ਉਹਨੇ ਕਪਿਲ ਮੁਨੀ ਦੇ ਪ੍ਰਸੰਗ ਵਿੱਚ ਯੋਗ ਸ਼ਾਸਤਰ ਦੀ ਗੱਲ ਕੀਤੀ । ਡਾ. ਸਵਰਾਜ ਸਿੰਘ ਵਿਸ਼ਵ ਚਿੰਤਕ ਨੇ ਕਿਹਾ ਕਿ “ਅੱਜ ਪੱਛਮੀ ਸਰਮਾਏਦਾਰੀ ਦੇ ਖਪਤਕਾਰੀ ਸੱਭਿਆਚਾਰ ਦੀ ਚੂਹਾ ਦੌੜ ਵਿੱਚ ਫਸੇ ਮਨੁੱਖ ਲਈ ਆਪਣੇ ਮੂਲ ਤੋਂ ਟੁੱਟਣਾ ਮੁੱਖ ਚੁਣੌਤੀ ਤੇ ਸਮੱਸਿਆ ਬਣ ਗਿਆ ਹੈ। ਇਸ ਦੇ ਸਿੱਟੇ ਵਜੋਂ ਮਨੁੱਖ ਭੈਅ, ਚਿੰਤਾ ਅਤੇ ਅਸੁਰੱਖਿਆ ਦੀਆਂ ਭਾਵਨਾਵਾਂ ਦਾ ਸ਼ਿਕਾਰ ਹੋ ਗਿਆ ਹੈ। ਇਨ੍ਹਾਂ ਨਾਲ ਮਨੁੱਖ ਦਾ ਮਾਨਸਿਕ ਤਨਾਅ ਵਧ ਰਿਹਾ ਹੈ ਅਤੇ ਉਹ ਮਾਨਸਿਕ ਬਿਮਾਰੀਆਂ ਤੋਂ ਪੀੜਤ ਹੋ ਰਿਹਾ ਹੈ। ਇਨ੍ਹਾਂ ਮੁਲਾਮਤਾਂ ਦਾ ਹੱਲ ਆਪਣੇ ਮੂਲ ਨਾਲ ਜੁੜਨ ਵਿੱਚ ਹੈ। ਯੋਗਾ ਜਿਸਦਾ ਅਰਥ ਹੀ ਆਤਮਾ ਅਰਥਾਤ ਨਿੱਜੀ ਚੇਤਨਾ ਦਾ ਪ੍ਰਮਾਤਮਾ ਅਰਥਾਤ ਬ੍ਰਹਿਮੰਡੀ ਚੇਤਨਾ ਦਾ ਜੁੜਨਾ ਹੈ। ਇਸ ਜੋੜਨ ਦੀ ਪ੍ਰਕਿਰਿਆ ਵਿੱਚ ਯੋਗਾ ਸਹਾਈ ਹੋ ਸਕਦਾ ਹੈ। ਸਰਮਾਏਦਾਰੀ ਸਮਾਜ ਨੂੰ ਅਨੁਸ਼ਾਸਨਹੀਨਤਾ ਅਤੇ ਅਰਾਜਕਤਾ ਵੱਲ ਧੱਕਦੀ ਹੈ। ਯੋਗ ਦਾ ਆਪਣਾ ਇੱਕ ਅਨੁਸ਼ਾਸਨ ਹੈ, ਜਿਸਦਾ ਸਫਰ ਸਰੀਰਕ ਕਸਰਤ ਤੋਂ ਸ਼ੁਰੂ ਹੋ ਕੇ ਆਪਣੇ ਮਨ ਅਤੇ ਇੰਦਰੀਆਂ ਤੇ ਕਾਬੂ ਪਾ ਕੇ ਆਪਣੀ ਚੇਤਨਾ ਨੂੰ ਬ੍ਰਹਿਮੰਡੀ ਚੇਤਨਾ ਵਿੱਚ ਵਿਲੀਨ ਕਰਨ ਤੱਕ ਜਾਂਦਾ ਹੈ। ਗੁਰਬਾਣੀ ਵਿੱਚ ਯੋਗਾ ਤੇ ਚੇਤਨਾ ਬਾਰੇ ਪੱਖ ਤੇ ਜੋਰ ਦਿੱਤਾ ਗਿਆ ਹੈ। ਪ੍ਰੰਤੂ ਕੁੱਝ ਤਾਕਤਾਂ ਜੋ ਯੋਗਾ ਦਾ ਵਪਾਰੀਕਰਨ ਅਤੇ ਮੰਡੀਕਰਨ ਕਰਨਾ ਚਾਹੁੰਦੀਆਂ ਹਨ, ਸਿਰਫ ਯੋਗ ਦੇ ਸਰੀਰਕ ਪੱਖ ਜਿਵੇਂ ਆਸਣ ਅਤੇ ਪ੍ਰਾਣਾਯਾਮ ਆਦਿ ਤੇ ਹੀ ਜੋਰ ਦੇ ਰਹੀਆਂ ਹਨ। ਪ੍ਰੰਤੂ ਸਾਨੂੰ ਯੋਗਾ ਦੇ ਸਮੁੱਚੇ ਅਨੁਸ਼ਾਸਨ ਨੂੰ ਪ੍ਰੋਤਸਾਹਿਤ ਕਰਨਾ ਚਾਹੀਦਾ ਹੈ ਤਾਂ ਜੋ ਯੋਗਾ ਮਾਨਸਿਕ ਸਿਹਤ ਨੂੰ ਸੰਭਾਲਣ ਅਤੇ ਮਾਨਸਿਕ ਬਿਮਾਰੀਆਂ ਤੋਂ ਬਚਾਉਣ ਵਿੱਚ ਸਹਾਈ ਹੋ ਸਕੇ। ਪਵਨ ਹਰਚੰਦਪੁਰੀ ਨੇ ਯੋਗਾ ਦੇ ਸਿਧਾਂਤਕ ਪੱਖਾਂ ਬਾਰੇ ਗੱਲ ਕੀਤੀ। ਜਗਦੀਪ ਸਿੰਘ ਗੰਧਾਰਾ ਨੇ ਯੋਗਾ ਦੇ ਅੰਤਰਰਾਸ਼ਟਰੀ ਮਹੱਤਵ ਬਾਰੇ ਅੰਕੜੇ ਪੇਸ਼ ਕੀਤੇ। ਅਨੋਖ ਸਿੰਘ ਵਿਰਕ, ਡਾ. ਇਕਬਾਲ ਸਿੰਘ, ਕੁਲਵੰਤ ਕਸਕ ਨੇ ਯੋਗ ਦੇ ਵਿਭਿੰਨ ਪਹਿਲੂਆਂ ਬਾਰੇ ਵਿਚਾਰ ਪ੍ਰਸਤੁਤ ਕੀਤੇ। ਵਿਚਾਰ ਚਰਚਾ ਵਿੱਚ ਬਸ਼ੇਸ਼ਰ ਰਾਮ, ਦਲਬਾਰ ਸਿੰਘ ਚੱਠਾ, ਡਾ. ਰਾਜੀਵ ਪੁਰੀ, ਸੁਰਿੰਦਰਪਾਲ ਸਿੰਘ ਸਿਦਕੀ, ਮੀਤ ਸਕਰੌਂਦੀ, ਪਵਨ ਕੁਮਾਰ ਹੋਸ਼ੀ, ਮੇਘ ਰਾਜ ਸ਼ਰਮਾ ਬਠਿੰਡਾ ਨੇ ਭਾਗ ਲੈ ਕੇ ਇਸਦੀ ਉਪਯੋਗਤਾ ਨੂੰ ਸਿਖਰ ਤੇ ਪਹੁੰਚਾ ਦਿੱਤਾ। ਕੈਪਟਨ ਹਰਕੇਸ਼ ਸਿੰਘ ਨੇ ਯੋਗ ਦੇ ਵੱਖੋ ਵੱਖਰੇ ਆਸਣਾਂ ਦਾ ਪ੍ਰਦਰਸ਼ਨ ਕਰਕੇ ਤੰਦਰੁਸਤੀ ਲਈ ਸਰੋਤਿਆਂ ਤੇ ਦਰਸ਼ਕਾਂ ਨੂੰ ਜੀਵਨ ਸ਼ੈਲੀ ਦਾ ਅੰਗ ਬਣਾਉਣ ਲਈ ਪ੍ਰੇਰਿਆ। ਅਮਰਜੀਤ ਅਮਨ, ਹਰਵਿੰਦਰ, ਅਮਨਦੀਪ ਕੌਰ, ਸੁਰਿੰਦਰਪਾਲ ਸਿੰਘ ਸਿਦਕੀ, ਬਲਜਿੰਦਰ ਸਿੰਘ ਈਲਵਾਲ, ਗੁਲਜ਼ਾਰ ਸ਼ੌਂਕੀ, ਸਰਬਜੀਤ ਸੰਗਰੂਰ ਵੀ, ਜਸਵੰਤ ਸਿੰਘ ਅਸਮਾਨੀ, ਪਵਨ ਕੁਮਾਰ ਹੋਸ਼ੀ, ਮੀਤ ਸਕਰੌਂਦੀ, ਤੇਜ਼ ਪ੍ਰਤਾਪ ਸਿੰਘ, ਗੁਰਨਾਮ ਸਿੰਘ, ਤਾਰਾ ਸਿੰਘ, ਜਸਮੇਲ ਸਿੰਘ ਨੇ ਆਪਣੀਆਂ ਕਾਵਿ ਰਚਨਾਵਾਂ ਪੇਸ਼ ਕੀਤੀਆਂ। ਅਨੋਖ ਸਿੰਘ ਵਿਰਕ ਨੇ ਸਭ ਦਾ ਧੰਨਵਾਦ ਕੀਤਾ ਅਤੇ ਗੁਰਨਾਮ ਸਿੰਘ ਨੇ ਬੜੇ ਸੁਚੱਜੇ ਢੰਗ ਨਾਲ ਮੰਚ ਸੰਚਾਲਣਾ ਕੀਤੀ।

## ਟੁਟਦੇ ਰਿਸ਼ਤਿਆਂ 'ਚ ਉਦਾਸੀਨਤਾ ਦਾ ਦਵੰਦ

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ



ਪਰਸਪਰ ਸਾਰੀ ਸ੍ਰਿਸ਼ਟੀ ਨਰ ਅਤੇ ਮਾਦਾ ਦੇ ਕਲੋਲ ਰਿਸ਼ਤੇ 'ਚੋਂ ਉਪਜਦੀ ਹੈ | ਨਰ ਅਤੇ ਮਾਦਾ ਦੇ ਰਿਸ਼ਤੇ 'ਚੋਂ ਹੀ ਸ੍ਰਿਸ਼ਟੀ ਦੀ ਸਿਰਜਨਾ ਹੁੰਦੀ ਹੈ | ਇਹ ਸੰਜੋਗ ਪਰਵਿਰਤੀ (84) ਚੌਰਾਸੀ ਲੱਖ ਜੂਨ ਵਿਚ ਸ਼ਾਮਿਲ ਹੈ | ਪਤੀ-ਪਤਨੀ ਦੇ ਿਲੰਗਨ ਸਬੰਧਾਂ ਤੋਂ ਬਾਅਦ ਹੀ ਸਾਰੇ ਰਿਸ਼ਤੇ ਪੀੜ੍ਹੀ ਦਰ ਪੀੜ੍ਹੀ ਬਣਦੇ ਚਲੇ ਜਾਂਦੇ ਹਨ |

ਦੰਪਤੀ ਸਬੰਧ ਵਿਗੜਣ ਨਾਲ ਘਰ ਦੇ ਬਾਕੀ ਰਿਸ਼ਤਿਆਂ ਉਪਰ ਗਹਿਰਾ ਅਸਰ ਪੈਂਦਾ ਹੈ | ਘਰੇਲੂ ਰਿਸ਼ਤਿਆਂ ਉਪਰ ਹੀ ਨਹੀਂ ਅਲੱਬਤਾ ਨੇੜੇ ਦੇ ਹੋਰ ਰਿਸ਼ਤਿਆਂ ਉਪਰ ਵੀ ਇਸ ਦਾ ਪ੍ਰਭਾਵ ਪੈਂਦਾ ਹੈ |

ਚਾਹਤ ਅਤੇ ਵਿਚਾਰਾਂ ਦਾ ਸੁੱਚਾ ਮੇਲ ਹੀ ਰਿਸ਼ਤੇ ਦੀ ਮੁੱਖ ਬੁਨਿਆਦ ਹੈ | ਜਿੱਥੇ ਚਾਹਤ ਅਤੇ ਵਿਚਾਰਾਂ ਦਾ ਮੇਲ ਨਹੀਂ ਉਥੇ ਰਿਸਤੇ ਤਿੜਕ ਜਾਂਦੇ ਹਨ | ਜਿੱਥੇ ਸਵਾਰਥ ਦਾ ਦੁਰਉਪਯੋਗ ਹੁੰਦਾ ਹੈ ਉਥੇ ਹੀ ਰਿਸ਼ਤੇ ਵਿਚ ਤਰੇੜ ਪੈਣੀਂ ਸ਼ੁਰੂ ਹੋ ਜਾਂਦੀ ਹੈ | ਸਵਾਰਥ ਦਾ ਹਮੇਸ਼ਾ ਹੀ ਸਦਉਪਯੋਗ ਹੋਣਾ ਜ਼ਰੂਰੀ ਹੈ | ਸਵਾਰਥ ਤੋਂ ਬਗੈਰ ਮਨੁੱਖ ਜੀ ਨਹੀਂ ਸਕਦਾ | ਸਵਾਰਥ ਉਸਦੀ ਜਿੰਦਗੀ ਦਾ ਅਟੁੱਟ ਹਿੱਸਾ ਹੈ |

ਇਕ ਦੂਸਰੇ ਨੂੰ ਸਮਝਣ ਦੀ ਜ਼ਰੂਰਤ ਹੋਣੀ ਚਾਹੀਦੀ ਹੈ | ਇਕ ਦੂਸਰੇ ਉਪਰ ਅਹੁਦੇ (ਪਦ) ਭਾਰੀ ਨਾ ਹੋਣ, ਆਰਥਿਕਤਾ ਭਾਰੀ ਨਾ ਹੋਵੇ |

ਸਰੀਰਕ ਤੌਰ 'ਤੇ ਕਮਜ਼ੋਰੀ ਦੀ ਹੀਣਤਾ ਦਾ ਅਭਾਵ ਵੀ ਸਬੰਧਾਂ ਵਿਚ ਨੀਰਸਤਾ, ਵਖਰੇਵਾਂ ਅਤੇ ਦੂਰੀਆਂ ਦਾ ਕਾਰਨ ਬਣ ਜਾਂਦਾ ਹੈ |

ਕਈ ਵਾਰ ਇੰਝ ਵੀ ਹੋ ਜਾਂਦਾ ਹੈ ਕਿ ਸਾਡੇ ਸਮਾਜ ਵਿਚ ਲੜਕੀ ਨੂੰ ਪੁੱਤਰਾਂ ਦੇ ਬਰਾਬਰ ਦਾ ਦਰਜ਼ਾ ਅਜੇ ਵੀ ਨਹੀਂ ਮਿਲ ਰਿਹਾ | ਦੰਪਤੀ ਜੀਵਨ ਵਿਚ ਲੜਕੀਆਂ ਦਾ ਲਗਾਤਾਰ ਪੈਦਾ ਹੋਣਾ ਵੀ ਕਈ ਸਬੰਧਾਂ ਅਤੇ ਕਦਰਾਂ ਕੀਤਾਂ ਵਿਚ ਖਟਾਸ ਅਤੇ ਦੂਰੀ ਉਤਪ ਕਰ ਦਿੰਦਾ ਹੈ |

ਵੇਖਿਆ ਜਾਵੇ ਤਾਂ ਜ਼ਿਆਦਾ ਨਸ਼ੇ ਦਾ ਸੇਵਨ ਕਰਨ ਨਾਲ ਲੀਵਰ ਕਈ ਗੁਪਤ ਬਿਮਾਰੀਆਂ ਵਿਚ ਗ੍ਰਸਿਤ ਹੋ ਜਾਂਦਾ ਹੈ ਜਿਸ ਨਾਲ ਸਾਰੇ ਸਰੀਰ ਉਪਰ ਧਮਣੀਆਂ-ਸਿਰਾਵਾਂ ਅਤੇ ਮਾਸਪੇਸ਼ੀਆਂ ਦੇ ਨਾਲ ਦਿਮਾਗ਼ੀ ਸੰਤੁਲਨ ਵੀ ਵਿਗੜ ਜਾਂਦਾ ਹੈ | ਮਰਦਾਨਾ ਕਮਜ਼ੋਰੀ ਭਾਰੂ ਹੋ ਜਾਂਦੀ ਹੈ ਜਿਸ ਨਾਲ ਪਰਸਪਰ ਸਬੰਧਾਂ ਵਿਚ ਤਿੜਕਣ, ਟੁਟਣ ਅਤੇ ਬਿਖਰਵ ਪੈਦਾ ਹੁੰਦਾ ਚਲਾ ਜਾਂਦਾ ਹੈ ਜੋ ਨਿੱਘੇ ਸਬੰਧਾਂ ਦੇ ਵੀ ਟੁਕੜੇ ਕਰ ਦਿੰਦਾ ਹੈ |

ਰਿਸ਼ਤਿਆਂ ਦੇ ਤਿੜਕਣ ਪਿੱਛੇ ਅਨੇਕਾਂ ਹੀ ਕਾਰਨ ਹਨ ਪਰ ਦੇਸ਼ ਵਿਦੇਸ਼ ਦੇ ਲੋਕਾਂ ਅਤੇ ਅਮੀਰ, ਗ਼ਰੀਬ ਅਤ ਹਰ ਵਰਗ ਦੇ ਲੋਕਾਂ ਵਿਚ ਜੇਕਰ ਦੰਪਤੀ ਜੀਵਨ ਵਿਚ ਦੂਸਰਾ ਜਣਾ ਸ਼ਾਮਿਲ ਹੋ ਜਾਵੇ ਜਾਂ ਸਬੰਧਕ ਗੁਪਤ ਰਿਸ਼ਤੇ ਹੋ ਜਾਣ ਤਾਂ ਸਬੰਧ ਵਿਗੜਣੇ ਮੁੰਮਕਿਨ ਹੋ ਜਾਂਦੇ ਹਨ |

ਮਨੁੱਖ ਦੀਆਂ ਆਦਤਾਂ ਪਰਿਵਰਤਨਸ਼ੀਲਤਾ ਦੀ ਦਹਿਲੀਜ਼ ਉਪਰ ਪਹਿਰਾ ਦਿੰਦੀਆਂ ਹਨ | ਆਪਸੀ ਆਦਤਾਂ ਦਾ ਟਕਰਾਅ ਵੀ ਦੂਰੀਆਂ ਸਥਾਪਿਤ ਕਰਦਾ ਹੈ | ਇਕ ਦੂਸਰੇ ਦੇ ਧਰਮ ਦੇ ਵਿਪਰੀਤ ਸ਼ਾਦੀ ਕਰਨਾ ਵੀ ਕਈ ਵਾਰੀ ਲੰਬੀ ਜ਼ਿੰਦਗੀ ਨੂੰ ਅੱਧ ਵਿਚਕਾਰੋਂ ਤੋੜ ਦਿੰਦਾ ਹੈ |

ਦੰਪਤੀ ਜੀਵਨ ਵਿਚ ਦੋਸਤਾਂ-ਰਿਸ਼ਤੇਦਾਰਾਂ ਦੀ ਜ਼ਿਆਦਾ ਦਖ਼ਲ ਅੰਦਾਜ਼ੀ ਵੀ ਨੁਕਸਾਨਦੇਹ ਸਾਬਿਤ ਹੋ ਜਾਂਦੀ ਹੈ | ਦੰਪਤੀ ਜੀਵਨ ਵਿਚ ਇਕ ਜਣੇਂ ਦੀ ਬੁਰੁਜ਼ਗਾਰੀ ਵੀ ਖਲਦੀ ਹੈ | ਦੰਪਤੀ 'ਚੋਂ ਇਕ ਵੀ ਬੇਰੁਜ਼ਗਾਰ ਹੋਵੇ ਤਾਂ ਉਹ ਬਦੋਬਦੀ ਬੋਝ ਬਣ ਕੇ ਰਹਿ ਜਾਂਦਾ ਹੈ | ਜਿਸ ਨਾਲ 'ਰਿਸ਼ਤਾ-ਸਮਤੋਲ ਨੀਤੀ' ਤਹਿਤ ਨੁਕਸਾਨ ਉਠਾਉਣਾ ਪੈਂਦਾ ਹੈ | ਰਿਸ਼ਤੇ ਵਿਚ ਕਿਆਸ ਆਰਾਈਆ ਦੀ ਟੁੱਟ ਭੱਜ ਵਖਰੇਵੇਂ ਨੂੰ ਜਨਮ ਦਿੰਦੀ ਹੈ |

ਅਚਾਨਕ ਮੁਕੱਦਮੇਬਾਜ਼ੀ ਦੀ ਹੋਂਦ ਵੀ ਕਈਆਂ ਕਾਰਨਾਂ ਕਰਕੇ ਫਿੱਕ ਪਾ ਪਾ ਦਿੰਦੀ ਹੈ | ਦੰਪਤੀ 'ਚੋਂ ਕਿਸੇ ਵੀ ਇਕ ਉਪਰ ਕਤਲ ਕੇਸ ਜਾਂ ਕੋਈ ਮਾਰੂ ਮੁਕੱਦਮਾ ਪੈ ਜਾਵੇ ਤਾਂ ਸਹਿਨਸ਼ੀਲਤਾ ਦੀ ਟੁੱਟ ਭੱਜ ਕਰਕੇ ਵੀ ਜਾਂ ਆਰਥਿਕ ਸੰਪਦਾ ਨੂੰ ਠੇਸ ਪਹੁੰਚਣ ਕਰਕੇ ਵੀ ਰਿਸ਼ਤੇ ਦੂਰੀ ਵਿਚ ਤਬਦੀਲ ਹੋ ਜਾਂਦੇ ਹਨ |

ਦੰਪਤੀ ਜ਼ਿੰਦਗੀ ਵਿਚ ਇਕ ਦੂਸਰੇ ਨੂੰ ਸਮਝਣ ਦੀ ਲੋੜ ਹੈ | ਸਹਿਨਸ਼ੀਲਤਾ, ਬਰਦਾਸ਼ਤ ਕਰਨ ਦਾ ਮਾਦਾ, ਤਿਹਨੇਂ-ਮਿਹਣੇਂ, ਘਟਣ, ਸ਼ੱਕ, ਚੁਗਲੀ, ਨਿੰਦਾ ਵੀ ਇਕ ਖਤਰਨਾਕ ਸ਼ਰਾਪ ਹੈ |

ਵੱਖ-ਵੱਖ ਆਦਤਾਂ ਦੇ ਫੁੱਲਾਂ ਦਾ ਇਕ ਗੁਲਦਸਤਾ ਹੈ ਜ਼ਿੰਦਗੀ | ਇਕ ਦੂਸਰੇ ਦੇ ਸੁਭਾਅ ਵਿਚ ਵਿਚ ਵਿਪਰੀਤ ਹੋ ਕੇ ਵੀ ਪਰਾਏਵਾਚੀ ਬਣਨਾ ਚਾਹੀਦਾ ਹੈ | ਇਕ ਦੂਸਰੇ ਦੀਆਂ ਆਦਤਾਂ ਦੀ ਪਰਖ ਕਰਕੇ ਚੰਗੇ ਆਚਰਣ ਵਿਚ ਢਲਣ ਦੀ ਕੋਸ਼ਿਸ਼ ਦਾ ਨਾਂਅ ਹੀ ਜਿੰਦਗੀ ਹੈ | ਆਦਤਾਂ ਦੀ ਟਹਿਣੀ ਉਪਰ ਪਸੰਦ-ਚਾਹਤ ਦੇ ਖਿੜੇ ਖ਼ੂਬਸੂਰਤ ਗੁਲਾਬ ਨੂੰ ਜਿਸ ਤਰ੍ਹਾਂ ਦਾ ਮੌਸਮ, ਜਲਵਾਯੂ, ਮਾਲੀ, ਵਾਤਾਵਰਣ ਦੀ ਜ਼ਰੂਰਤ ਹੈ | ਜਦੋਂ ਇਹ ਗੁਲਾਬ ਕਿਸੇ ਕੰਮ ਦਾ ਨਹੀਂ ਰਵੇਗਾ ਤਾਂ ਇਸਦਾ ਨੁਕਸਾਨ ਚੌਗਿਰਦੇ ਨੂੰ , ਮਾਲੀ ਨੂੰ , ਟਹਿਣੀ ਨੂੰ ਹੋਵੇਗਾ |

ਪਰਸਪਰ ਦੋ ਸਬੰਧਾਂ ਨਾਲ ਇਕ ਮਜ਼ਬੂਤ ਰਿਸ਼ਤਾ ਬਣਦਾ ਹੈ | ਰਿਸ਼ਤੇ ਦੀਆਂ ਕਈ ਸ਼ਾਖਾਵਾਂ ਉਤਪਨ ਹੁੰਦੀਆਂ ਹਨ | ਹਰ ਇਕ ਟਹਿਣੀ ਉਪਰ ਲੱਗੇ ਸੁਭਾਅ ਦੇ ਫੁੱਲਾਂ ਦੀ ਆਪਣੀ ਵੱਖਰੀ ਪਹਿਚਾਣ ਅਤੇ ਵੱਖਰੀ ਖ਼ੁਸ਼ਬੂ ਹੁੰਦੀ ਹੈ |


ਦੋ ਦਿਲਾਂ ਦੇ ਮਿਲਣ ਵਿਚ ਪਸੰਦ ਦਾ ਖ਼ਿਆਲ ਜੇ ਨਾ ਰੱਖਿਆ ਜਾਵੇ ਤਾਂ ਉਹ ਵੀ ਇਕ ਦਵੰਦ ਰੂਪੀ ਸਮੱਸਿਆ ਪੈਦਾ ਹੁੰਦੀ ਹੈ | ਨਾ ਪਸੰਦਦੀਦਾ ਹੀ ਉਦਾਸੀਨਤਾ ਅਤੇ ਨਫ਼ਰਤ ਪੈਦਾ ਕਰਦੀ ਹੈ | ਜਿਸ ਕਰਕੇ ਮਿਲਣ ਦੀ ਲੰਬੀ ਉਮਰ ਨਹੀਂ ਹੁੰਦੀ, ਇਹ ਰੇਤੇ ਦੀ ਦੀਵਾਰ ਜਲਦੀ ਢਹਿ ਢੇਰੀ ਹੋ ਜਾਂਦੀ ਹੈ |

ਦੰਪਤੀ ਜੀਵਨ ਵਿਚ ਮਾਪਿਆਂ ਦੀ ਦਲਖ਼ ਅੰਦਾਜ਼ੀ ਜ਼ਰੂਰਤ ਤੋ ਜ਼ਿਆਦਾ ਹੋ ਜਾਏ ਤਾਂ ਜ਼ਿੰਦਗੀ ਇਕ ਸਮੱਸਿਆ ਪੈਦਾ ਹੁੰਦੀ ਹੈ | ਨਾ ਪਸੰਦਦੀਦਾ ਹੀ ਉਦਾਸੀਨਤਾ ਅਤੇ ਨਫ਼ਰਤ ਪੈਦਾ ਕਰਦੀ ਹੈ | ਜਿਸ ਕਰਕੇ ਮਿਲਣ ਦੀ ਲੰਬੀ ਉਮਰ ਨਹੀਂ ਹੁੰਦੀ, ਇਹ ਰੇਤੇ ਦੀ ਦੀਵਾਰ ਜਲਦੀ ਢਹਿ ਢੇਰੀ ਹੋ ਜਾਂਦੀ ਹੈ |

ਦੰਪਤੀ ਜੀਵਨ ਵਿ ਮਾਪਿਆਂ ਦੀ ਦਖ਼ਲ ਅੰਦਾਜ਼ੀ ਜ਼ਰੂਰਤ ਤੋਂ ਜ਼ਿਆਦਾ ਹੋ ਜਾਏ ਤਾਂ ਜ਼ਿੰਦਗੀ ਇਕ ਤਰਫ਼ਾ ਬੋਝ ਬਣ ਕੇ ਨਰਕ ਦਾ ਰੂਪ ਲੈ ਲੈਂਦੀ ਹੈ | ਦੋਵੇਂ ਪਾਸਿਆਂ ਦੇ ਮਾਪੇ ਜ਼ਿਆਦਾ ਕਿੰਤੂ ਪ੍ਰੰਤੂ, ਮਨਮਰਜ਼ੀ, ਨਿੱਜੀ ਸੁਭਾਅ ਨੂੰ ਠੋਸਣਾ, ਆਰਥਿਕ ਖਿੱਚੋਤਾਣ, ਇਕ ਤਰਫ਼ਾ ਪਿਆਰ ਦਾ ਇਜ਼ਹਾਰ, ਮੋਬਾਇਲ ਫ਼ੋਨ ਦੋਵਾਂ ਪਾਸਿਆਂ ਤੋਂ ਕੰਨਾਂ ਨਾਲ ਲੱਗੇ ਰਹਿੰਦੇ | ਖਾਧਾ ਪੀਤਾ, ਕਾਰਨ ਵਿਧੀ, ਨੁਕਸ-ਤੁਨਕਾਕਸ਼ੀ ਆਦਿ ਕਾਰਨ ਵੀ ਦੰਪਤੀ ਜੀਵਨ ਵਿਚ ਤਰੇੜਾਂ ਆਉਣ ਦੇ | ਦੋਸਤੋ ਰਿਸ਼ਤਿਆਂ ਵਿਚ ਨਿੱਘ, ਮੋਹ, ਪਿਆਰ, ਸਤਿਕਾਰ, ਖ਼ੂਬਸੂਰਤੀਆਂ, ਅਤਰੰਗਤਾ, ਅਪਣਾਪਣ, ਮਿੱਠਾ ਬੋਲਚਾਲ, ਹੰਕਾਰ-ਸਵਾਰਥ ਦਾ ਸਦਉਪਯੋਗ, ਸਮਤੋਲ ਦ੍ਰਿਸ਼ਟੀਪਣ, ਸ਼ੁਭਕਾਮਨਾਵਾਂ, ਆਸ਼ੀਰਵਾਦ, ਮੰਨਣ 'ਤੇ ਸਿੱਖਣ ਦੀ ਭਾਵਨਾ ਅਤੇ ਸਭ ਨੂੰ ਆਪਣਾ-ਆਪਣਾ ਕਹਿ ਕੇ ਸਭ ਦਾ ਮਨ ਜਿੱਤ ਲਵੇ ਜ਼ਿੰਦਗੀ ਸਵਰਗ ਦੇ ਸਾਰੇ ਬੂਹੇ ਖੋਲ੍ਹ ਦੇਵੇਗੀ |

ਇਹ ਸਰੀਰ ਕਿਰਾਏ ਉਪਰ ਮਿੱਲਿਆ ਹੈ | ਇਸ ਵਿਚ ਸਾਹ ਵੀ ਉਧਾਰੇ ਹਨ | ਸਵੇਰੇ ਉਠ ਕੇ ਇਸ ਤਨ ਨੂੰ ਪੱੁਛੋਂ, " ਬੱਲਿਆ ਦਸ, ਕੀ ਖਾਣਾ ਪੀਣਾ, ਕਿੱਥੇ ਆਣਾ ਜਾਣਾ ਚਾਹੁੰਦਾ ਏ? ਇਸਨੂੰ ਪਿਆਰ ਕਰੋ, ਚੁੰਮੋ ਚੱਟੋ, ਕਿਉਂਕਿ ਇਹ ਸਰੀਰ ਬਿਗਾਨਾ ਹੈ ਤੁਹਾਡਾ ਆਪਣਾ ਨਹੀਂ ਹੈ |

## ਮੁੜ ਆਵੇ ਖੁਸ਼ਹਾਲੀ



ਧਰਤੀ ਉੱਤੇ ਜੰਗਲ ਮੁੱਕੇ ,ਚਿਹਰਿਆਂ ਉੱਤੋਂ ਲਾਲੀ
ਰੁੱਖ ਲਗਾ ਕੇ ਫ਼ਰਜ਼ ਨਿਭਾਈਏ ਮੁੜ ਆਵੇ ਖੁਸ਼ਹਾਲੀ।

ਪਿੰਡ ਦੀ ਹਰ ਇੱਕ ਸੜਕ ਕਿਨਾਰੇ ਲਾਈਏ ਹੱਥੀਂ ਬੂਟੇ,
ਵਧਦੇ ਫੁਲਦੇ ਵੇਖ ਇਹਨਾਂ ਨੂੰ ਆਉਣ ਸਵਰਗੀ ਝੂਟੇ।

ਛਾਵਾਂ ਤੇ ਫਲ਼ ਵੰਡਣ ਸਭ ਨੂੰ ਵੰਡਦੇ ਨੇ ਹਰਿਆਲੀ,
ਰੁੱਖ ਲਗਾ ਕੇ ਫ਼ਰਜ਼ ਨਿਭਾਈਏ ਮੁੜ ਆਵੇ ਖੁਸ਼ਹਾਲੀ।

ਹਰ ਪਗਡੰਡੀ, ਖੂਹ ਤੇ ਜੂਹ ਵਿੱਚ ਲਾ ਦਈਏ ਅਸੀਂ ਲਹਿਰਾਂ,
ਰੁੱਖਾਂ ਨਾਲ਼ ਸ਼ਿੰਗਾਰ ਦਈਏ ਸਭ ਨਦੀਆਂ,ਨਾਲ਼ੇ, ਨਹਿਰਾਂ।

ਸਕੂਲ,ਕਾਲਜ ਤੇ ਸਾਂਝੀਆਂ ਥਾਵਾਂ ਰਹਿ ਨਾ ਜਾਵਣ ਖਾਲੀ,
ਰੁੱਖ ਲਗਾ ਕੇ ਫ਼ਰਜ਼ ਨਿਭਾਈਏ ਮੁੜ ਆਵੇ ਖੁਸ਼ਹਾਲੀ।

ਰੁੱਤ ਸੁਹਾਣੀ ਰੰਗਲਾ ਮੌਸਮ ਨਾਲ਼ ਰੁੱਖਾਂ ਦੇ ਆਵੇ,
ਰੈਣ ਬਸੇਰੇ ਲਈ ਹਰ ਪੰਛੀ ਰੁੱਖਾਂ ਨੂੰ ਹੀ ਚਾਹਵੇ।


ਵਾਤਾਵਰਨ ਮਹਿਕਾਂਵਦਾ ਹਰ ਪੱਤਾ ਹਰ ਡਾਲੀ,
ਰੁੱਖ ਲਗਾ ਕੇ ਫ਼ਰਜ਼ ਨਿਭਾਈਏ ਮੁੜ ਆਵੇ ਖੁਸ਼ਹਾਲੀ।

ਜਿੰਨੇ ਰੁੱਖ ਲਗਾਈਏ ਯਾਰੋ ਓਨੇ ਸੁੱਖ ਵਧਾਈਏ,
ਕੁਦਰਤ ਦੇ ਨਾਲ਼ ਸਾਂਝਾ ਪਾਕੇ ਆਪਣੇ ਦੁੱਖ ਘਟਾਈਏ ।

ਰਣਜੀਤ ਫੇਰ ਤੋਂ ਲਾਉਣ ਬਹਾਰਾਂ ਪਿੱਪਲ,ਬੋਹੜ ਤੇ ਟਾਹਲੀ,
ਰੁੱਖ ਲਗਾ ਕੇ ਫ਼ਰਜ਼ ਨਿਭਾਈਏ ਮੁੜ ਆਵੇ ਖੁਸ਼ਹਾਲੀ।

ਵਰਲਡ ਪੰਜਾਬੀ ਟਾਈਮਜ਼
ਰਣਜੀਤ ਸਿੰਘ ਹਠੂਰ

## ਜਸਵਿੰਦਰ ਧਰਮਕੋਟ ਦਾ 'ਮੈਲਾਨਿਨ' ਕਹਾਣੀ ਸੰਗ੍ਰਹਿ ਸਮਾਜਿਕਤਾ ਤੇ ਮਾਨਸਿਕਤਾ ਦਾ ਸੁਮੇਲ




ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ

ਜਸਵਿੰਦਰ ਧਰਮਕੋਟ ਸੰਵੇਦਨਸ਼ੀਲ, ਆਸ਼ਾਵਾਦੀ, ਸਮਾਜਵਾਦੀ ਤੇ ਮਨੁੱਖੀ ਮਾਨਸਿਕਤਾ ਦਾ ਚਿਤੇਰਾ ਕਹਾਣੀਕਾਰ ਹੈ। ਉਸ ਦੀਆਂ ਦੋ ਪੁਸਤਕਾਂ ਇੱਕ 'ਪਿਘਲਤਾ ਸੂਰਜ' ਹਿੰਦੀ ਬਾਲ ਕਾਵਿ ਸ੍ਰੰਗ੍ਰਹਿ ਅਤੇ ਇੱਕ ਅਨੁਵਾਦ ਦੀ ਪੁਸਤਕ 'ਰੁੱਖ ਕੀ ਹੈ'? ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਚਰਚਾ ਅਧੀਨ ਕਹਾਣੀ ਸੰਗ੍ਰਹਿ 'ਮੈਲਾਨਿਨ' ਉਸਦਾ ਪਲੇਠਾ ਕਹਾਣੀ ਸੰਗ੍ਰਹਿ ਹੈ। ਇਸ ਕਹਾਣੀ ਸੰਗ੍ਰਹਿ ਵਿੱਚ ਵੱਖੋ-ਵੱਖਰੇ ਰੰਗ ਵਿਖੇਰਦੀਆਂ 8 ਕਹਾਣੀਆਂ ਹਨ। ਕਹਾਣੀ ਸੰਗ੍ਰਹਿ ਦੇ ਸਿਰਲੇਖ ਵਾਲੀ ਅਤੇ ਬਾਕੀ 7 ਕਹਾਣੀਆਂ ਦੇ ਸਿਰਲੇਖ ਨਿਵੇਕਲੇ ਹਨ, ਜਿਸ ਕਰਕੇ ਪਾਠਕ ਦੇ ਮਨ ਵਿੱਚ ਇਸ ਕਹਾਣੀ ਸੰਗ੍ਰਹਿ ਨੂੰ ਪੜ੍ਹਨ ਦੀ ਉਤਸੁਕਤਾ ਪੈਦਾ ਹੋ ਜਾਂਦੀ ਹੈ। ਕਹਾਣੀਕਾਰ ਨੇ ਆਪਣਾ ਸਾਹਿਤਕ ਸਫ਼ਰ ਕਵਿਤਾ ਤੋਂ ਸ਼ੁਰੂ ਕੀਤਾ, ਇਸ ਲਈ ਉਸਦੀ ਵਾਰਤਕ ਰਵਾਨਗੀ ਵਾਲੀ, ਕਾਵਿਮਈ, ਰਸਦਾਇਕ, ਸੁਗੰਧਤ ਤੇ ਦਿਲਚਸਪ ਹੈ। ਪਾਠਕ ਕਹਾਣੀ ਸ਼ੁਰੂ ਕਰਕੇ ਖ਼ਤਮ ਕੀਤੇ ਬਿਨਾ ਅੱਧ ਵਿਚਕਾਰ ਛੱਡ ਨਹੀਂ ਸਕਦਾ। ਉਸ ਦੀਆਂ ਲਗਪਗ ਸਾਰੀਆਂ ਕਹਾਣੀਆਂ ਹੀ ਪਾਤਰਾਂ ਦਾ ਮਨੋਵਿਸ਼ਲੇਸ਼ਣ ਕਰਦੀਆਂ ਹਨ। ਇਸ ਤੋਂ ਇਲਾਵਾ ਮਾਨਵਤਾ ਦੀ ਜ਼ਾਤ-ਪਾਤ, ਰੰਗ-ਰੂਪ, ਧਾਰਮਿਕ ਅਤੇ ਨਸਲੀ ਵਿਤਕਰਿਆਂ ਦੀ ਮਾਨਸਿਕਤਾ ਨੂੰ ਦ੍ਰਿਸ਼ਟਾਂਤਿਕ ਰੂਪ ਵਿੱਚ ਦਰਸਾਉਣ ਵਿੱਚ ਸਫ਼ਲ ਹੁੰਦੀਆਂ ਹਨ। ਅਧਿਆਪਨ ਦੇ ਕਿੱਤੇ ਵਿੱਚ ਹੋਣ ਕਰਕੇ ਉਸਦਾ ਤਜ਼ਰਬਾ ਵਿਸ਼ਾਲ ਹੈ, ਇਸ ਤਜ਼ਰਬੇ ਕਰਕੇ ਉਸ ਦੀਆਂ ਕਹਾਣੀਆਂ ਦੇ ਵਿਸ਼ੇ ਵੀ ਇਨਸਾਨ ਦੀ ਮਾਨਸਿਕਤਾ ਦੀ ਉਥਲ-ਪੁਥਲ ਨਾਲ ਸੰਬੰਧਤ ਹਨ। ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ 'ਸ਼ਾਲ' ਵਿੱਚ ਇਨਸਾਨੀ ਰਿਸ਼ਤਿਆਂ ਦੇ ਨਿੱਘ ਦੀ ਸੁਗੰਧ ਆਉਂਦੀ ਹੈ। ਜਾਤ-ਪਾਤ ਰਹਿਤ ਸਮਾਜ ਦੀ ਪ੍ਰਵਿਰਤੀ ਦਾ ਸੰਕਲਪ ਵਿਖਾਈ ਦਿੰਦਾ ਹੈ। ਇਸਦੇ ਨਾਲ ਹੀ ਪੰਜਾਬ ਅਤੇ ਜੰਮੂ ਕਸ਼ਮੀਰ ਦੇ ਹਾਲਾਤ ਵਿਗੜਨ ਨਾਲ ਰਿਸ਼ਤਿਆਂ ਵਿੱਚ ਤਣਾਓ ਅਤੇ ਨਫ਼ਰਤ ਦੇ ਬੀਜ ਉਗਮਣ ਲੱਗਦੇ ਹਨ। ਦੂਜੀ ਕਹਾਣੀ ਇਸ ਸੰਗ੍ਰਹਿ ਦੇ ਸਿਰਲੇਖ 'ਮੈਲਾਨਿਨ' ਹੈ, ਜਿਸ ਵਿੱਚ ਪੂਨਮ ਵਰਗੀਆਂ ਲੜਕੀਆਂ ਕਾਲੇ ਰੰਗ ਕਰਕੇ ਸਮਾਜ ਵੱਲੋਂ ਅਣਡਿਠ ਕੀਤੀਆਂ ਜਾਂਦੀਆਂ ਹਨ, ਪ੍ਰੰਤੂ ਇਸ ਕਹਾਣੀ ਵਿੱਚ ਕਾਲੇ ਰੰਗ ਦਾ ਕਾਰਨ ਦਿਮਾਗ ਵਿੱਚ ਮੈਲਾਨਿਨ ਨਾਮ ਦੇ ਤਰਲ ਪਦਾਰਥ ਦੀ ਵਧੇਰੇ ਮਾਤਰਾ ਦਾ ਹੋਣਾ ਹੁੰਦਾ ਦਰਸਾਇਆ ਗਿਆ ਹੈ। ਸਭਿਆ ਸਮਾਜ ਵਿੱਚ ਵੀ ਇਹ ਭੇਦ ਅਜੇ ਤੱਕ ਬਰਕਰਾਰ ਹੈ। ਪ੍ਰੰਤੂ ਵਿਕਸਤ ਸ਼ਹਿਰਾਂ ਵਿੱਚ ਪੜ੍ਹੇ ਲਿਖੇ ਵਿਦਿਆਰਥੀਆਂ ਦੀ ਸੋਸਾਇਟੀ ਇਨ੍ਹਾਂ ਰੰਗਾਂ ਦੇ ਭੇਦ ਮਿਟਾ ਦਿੰਦੀ ਹੈ। ਜਿਵੇਂ ਪੂਨਮ ਆਪਣੇ ਦੋਸਤ ਪੈਂਗ ਦੀ ਜ਼ਿੰਦਗੀ ਆਪਣੀ ਕਿਡਨੀ ਦੇ ਕੇ ਬਚਾਉਂਦੀ ਹੈ ਅਤੇ ਨਜ਼ੀਰ ਪੂਨਮ ਦਾ ਹੱਥ ਫੜ੍ਹਕੇ ਜ਼ਿੰਦਗੀ ਭਰ ਦਾ ਸਾਥੀ ਬਣ ਜਾਂਦਾ ਹੈ। ਇਥੇ ਰੰਗ ਤੇ ਜ਼ਾਤ-ਪਾਤ ਦੇ ਭੇਦ ਖ਼ਤਮ ਹੋ ਜਾਂਦੇ ਹਨ ਤੇ ਪੂਨਮ ਦੀ ਜ਼ਿੰਦਗੀ ਰੰਗੀਨ ਹੋ ਜਾਂਦੀ ਹੈ। ਤੀਜੀ ਕਹਾਣੀ 'ਪਲੇਟੀ' ਹੈ, ਜਿਸ ਵਿੱਚ ਕਹਾਣੀਕਾਰ ਨੇ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਅਧੁਨਿਕਤਾ ਦੇ ਸਮੇਂ ਵਿੱਚ ਬਹੁਤੀ ਭੱਜ ਦੌੜ, ਝੂਠੇ ਵਿਖਾਵੇ, ਸ਼ੋਸ਼ਲ ਮੀਡੀਆ ਦੀ ਵਧੇਰੇ ਵਰਤੋਂ, ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿੱਚ ਪੰਜਾਬੀ ਤੋਂ ਪਿੱਠ ਮੋੜਨਾ, ਪੜ੍ਹਾਈ ਦਾ ਬੱਚਿਆਂ ਤੇ ਬੋਝ, ਪਾਸ ਹੋਣ ਦੀ ਥਾਂ ਪੂਰੇ ਨੰਬਰ ਲੈਣ ਦੀ ਹੋੜ, ਪ੍ਰਾਈਵੇਟ ਨੌਕਰੀਆਂ ਵਿੱਚ ਘੱਟ ਤਨਖ਼ਾਹਾਂ, ਅਣਗਹਿਲੀ ਦੀਆਂ ਘਟਨਾਵਾਂ ਅਤੇ ਨੌਕਰੀਆਂ ਵਿੱਚੋਂ ਕੱਢਣ ਦਾ ਡਰ ਆਦਿ ਮਹੱਤਵਪੂਰਨ ਗੱਲਾਂ/ਨੁਕਤਿਆਂ ਨੂੰ ਦਰਸਾਇਆ ਗਿਆ ਹੈ, ਜਿਨ੍ਹਾਂ ਦੇ ਬੋਝ ਕਰਕੇ ਇਨਸਾਨ 'ਤੇ ਮਾਨਸਿਕ ਤਣਾਓ ਪੈਦਾ ਹੋ ਜਾਂਦਾ ਹੈ। ਇਸ ਕਹਾਣੀ ਵਿੱਚ ਰਵੀਸ਼ ਦੀ ਮਾਨਸਿਕਤਾ ਦਾ ਚਿਤਰਣ ਕੀਤਾ ਗਿਆ ਹੈ। ਅਜਿਹੇ ਹਾਲਾਤ ਵਿੱਚ ਲੋਕ ਮਾਨਸਿਕ ਰੋਗੀ ਬਣ ਜਾਂਦੇ ਹਨ। ਚੌਥੀ ਕਹਾਣੀ 'ਲੀਸੀਅਮ ਨਿਕੇਤਨ' ਇਹ ਕਹਾਣੀ ਪਰਵਾਸ ਦੇ ਇੱਕ ਵਿਲੱਖਣ ਕਿਸਮ ਦੇ ਸਕੂਲ ਬਾਰੇ ਹੈ, ਜਿਥੇ ਲਾਵਾਰਿਸ ਬੱਚਿਆਂ ਨੂੰ ਪੜ੍ਹਾਇਆ ਜਾਂਦਾ ਹੈ। ਇਹ ਸਕੂਲ ਇੱਕ ਕਿਸਮ ਦਾ ਨਮੂਨੇ ਦਾ ਸਕੂਲ ਹੈ, ਜਿਸ ਵਿੱਚ ਵੱਖੋ -ਵੱਖਰੇ ਦੇਸ਼ਾਂ ਦੀਆਂ ਬੋਲੀਆਂ, ਸਭਿਆਚਾਰ, ਪਹਿਰਾਵੇ, ਧਰਮਾ ਬਾਰੇ ਪੜ੍ਹਾਇਆ ਜਾਂਦਾ ਹੈ, ਇਹ ਕਹਾਣੀ ਆਪਸੀ ਪਿਆਰ, ਸਹਿਹੋਂਦ, ਸਹਿਨਸ਼ੀਲਤਾ, ਧਰਮ ਨਿਪੇਖਤਾ, ਕੁਦਰਤ ਅਤੇ ਰੁੱਖਾਂ ਨਾਲ ਪਿਆਰ, ਭਾਈਚਾਰਾ ਅਤੇ ਸੰਕੀਰਨ ਸੋਚ ਤੋਂ ਕਿਨਾਰਾ ਕਰਨ ਦੀ ਸਿਖਿਆ ਦਿੰਦੀ ਹੈ। ਬਿਲਕੁਲ ਸ਼ਾਂਤੀ ਨਿਕੇਤਨ ਵਾਲੇ ਵਾਤਾਵਰਨ ਦਾ ਅਹਿਸਾਸ ਕਰਾਉਂਦੀ ਹੈ। ਇਹ ਕਹਾਣੀ ਅਧਿਆਪਕਾਂ, ਵਿਦਿਆਰਥੀਆਂ ਅਤੇ ਇਥੋਂ ਤੱਕ ਕਿ ਛੋਟੇ ਮੁਲਾਜ਼ਮਾ ਦੇ ਆਪਸੀ ਸਦਭਾਵਨਾ ਤੇ ਬਰਾਬਰਤਾ ਦੇ ਵਿਵਹਾਰ ਦਾ ਪ੍ਰਗਟਾਵਾ ਕਰਦੀ ਸਾਰਿਆਂ ਨੂੰ ਬਰਾਬਰ ਸਮਝਣ ਦੀ ਤਾਕੀਦ ਕਰਦੀ ਹੈ। ਪੰਜਵੀਂ ਕਹਾਣੀ 'ਊਈ' ਸਕੂਲਾਂ ਵਿੱਚ ਨਸ਼ਿਆਂ ਦੇ ਫ਼ੈਲੇ ਪ੍ਰਕੋਪ ਦੀ ਦਾਸਤਾਂ ਹੈ। ਕਿਸ ਪ੍ਰਕਾਰ ਨੌਜਵਾਨ ਕੁੜੀਆਂ ਵੀ ਗ਼ਲਤ ਸੰਗਤ ਵਿੱਚ ਪੈ ਕੇ ਕੁਰਾਹੇ ਪੈ ਜਾਂਦੀਆਂ ਹਨ। ਨੌਜਵਾਨ ਲੜਕੇ ਜਾਲ ਵਿਛਾਕੇ ਅੱਲ੍ਹੜ ਲੜਕੀਆਂ ਨੂੰ ਆਪਣੀ ਚੁੰਗਲ ਵਿੱਚ ਫਸਾ ਲੈਂਦੇ ਹਨ। ਸਕੂਲਾਂ ਦੇ ਲੜਕੇ ਲੜਕੀਆਂ ਆਪਣੇ ਮਾਪਿਆਂ ਨੂੰ ਵੀ ਧੋਖਾ ਦੇਣ ਲੱਗਿਆਂ ਹਿਚਕਚਾਉਂਦੇ ਨਹੀਂ। ਸਕੂਲਾਂ ਵਿੱਚ ਬੱਚੇ ਮੋਬਾਈਲ ਦੀ ਵਰਤੋਂ ਕਰਦੇ ਹਨ, ਜਿਹੜਾ ਉਨ੍ਹਾਂ ਦੇ ਭਵਿਖ ਲਈ ਖ਼ਤਨਾਕ ਸਾਬਤ ਹੁੰਦਾ ਹੈ, ਜਿਵੇਂ ਮਹਿਕ ਨਾਲ ਵਾਪਰਦਾ ਹੈ। ਤਮੰਨਾ ਵਰਗੀਆਂ ਚਾਲਾਕ ਕੁੜੀਆਂ ਨਵੀਂਆਂ ਦਾਖਲ ਹੋਈਆਂ ਮਹਿਕ ਵਰਗੀਆਂ ਅਣਭੋਲ ਲੜਕੀਆਂ ਨੂੰ ਗੁਮਰਾਹ ਕਰਕੇ ਨਸ਼ਿਆਂ 'ਤੇ ਲਾ ਦਿੰਦੀਆਂ ਹਨ। ਕੁਝ ਅਧਿਆਪਕ ਵੀ ਇਨ੍ਹਾਂ ਲੜਕੇ ਲੜਕੀਆਂ ਨੂੰ ਆਪਣੇ ਜਾਲ ਵਿੱਚ ਫਸਾ ਲੈਣ ਦੀ ਕੋਸ਼ਿਸ਼ ਕਰਦੇ ਹਨ। ਅਧਿਆਪਕਾਂ ਅਤੇ ਬੱਚਿਆਂ ਦੇ ਕਿਰਦਾਰ ਵਿੱਚ ਆਈ ਗਿਰਾਵਟ ਇਸ ਕਹਾਣੀ ਵਿੱਚੋਂ ਝਲਕਦੀ ਹੈ। ਮਾਪੇ ਫਿਰ ਵੀ ਬੱਚਿਆਂ ਨੂੰ ਪਿਆਰ ਕਰਦੇ ਹਨ। ਊਈ ਕਹਾਣੀ ਇਹ ਵੀ ਸਿਖਿਆ ਦਿੰਦੀ ਹੈ ਕਿ ਬੱਚਿਆਂ ਨੂੰ ਅਜਿਹੀਆਂ ਹਰਕਤਾਂ ਤੋਂ ਬਾਜ ਆਉਣਾ ਚਾਹੀਦਾ ਹੈ। ਪਰਵਾਸ ਦੀ ਜ਼ਿੰਦਗੀ ਵੀ ਕੰਡਿਆਂ ਦੀ ਸੇਜ ਹੈ। ਛੇਵੀਂ ਕਹਾਣੀ 'ਬੱਕਲ ਮਾਈ ਸ਼ੂਅ' ਨਛੱਤਰ ਡਰਾਇਵਰ ਦੀ ਨਸ਼ੇ ਤੇ ਵੈਲੀ ਦੀ ਆਦਤ ਨਾਲ ਪਰਿਵਾਰ ਦੀ ਆਰਥਿਕ ਮੰਦਹਾਲੀ ਨੂੰ ਦਰਸਾਉਂਦੀ ਹੋਈ ਉਸਦੇ ਪੁੱਤਰ ਮਨਕੀਰਤ ਦੀ ਮਾਨਸਿਕਤਾ ਚਿਤਰਣ ਕਰਦੀ ਹੋਈ ਮਤਰੇਈਆਂ ਮਾਵਾਂ ਦੇ ਵਿਵਹਾਰ ਦਾ ਪਰਦਾ ਫਾਸ਼ ਕਰਦੀ ਹੈ। ਕਿਰਨ ਵਰਗੀਆਂ ਲੜਕੀਆਂ ਪਰਿਵਾਰਾਂ ਦੀਆਂ ਆਰਥਿਕ ਮਜ਼ਬੂਰੀਆਂ ਕਰਕੇ ਆਪਣੇ ਸਪਨੇ ਪੂਰੇ ਨਹੀਂ ਕਰ ਸਕਦੀਆਂ ਤੇ ਉਨ੍ਹਾਂ ਦੇ ਪਤੀ ਬੇਸ਼ਰਮੀ ਨਾਲ ਕੁੱਟਦੇ ਮਾਰਦੇ ਹੋਏ ਚਰਿਤਰ ਤੇ ਸ਼ੱਕ ਕਰਨ ਲੱਗ ਜਾਂਦੇ ਹਨ। ਮਤਰੇਏ ਬੱਚਿਆਂ ਦਾ ਹਾਲ ਵੀ ਮਨਕੀਰਤ ਵਰਗਾ ਹੀ ਹੁੰਦਾ ਹੈ। 'ਯਾਤਰਾ ਅਜੇ ਮੁੱਕੀ ਨਹੀਂ' ਸੱਤਵੀਂ ਕਹਾਣੀ ਵਿੱਚ ਦੋ ਪ੍ਰੇਮੀਆਂ ਏਕਰੂਪ ਅਤੇ ਸੰਕਲਪ ਦੀ ਪ੍ਰੇਮ ਕਥਾ ਅਮੀਰ-ਗ਼ਰੀਬ ਅਤੇ ਜ਼ਾਤ-ਪਾਤ ਦੇ ਪਾੜੇ ਕਰਕੇ ਲੜਕੀ ਦੇ ਪਰਿਵਾਰ ਵੱਲੋਂ ਜਦੋਂ ਪ੍ਰਵਾਨ ਨਹੀਂ ਚੜ੍ਹਦੀ ਤਾਂ ਉਹ ਕੋਰਟ ਮੈਰਿਜ ਕਰਵਾਕੇ ਜ਼ਿੰਦਗੀ ਬਸਰ ਕਰਨ ਲੱਗ ਜਾਂਦੇ ਹਨ। ਪਰਵਾਸ ਵਿੱਚ ਸੈਟਲ ਹੋਣ ਦੇ ਸਪਨੇ ਸਿਰਜਦੇ ਹਨ। ਆਪੋ ਆਪਣੇ ਪ੍ਰੋਫੈਸ਼ਨ ਵਿੱਚ ਕੰਮ ਕਰਨ ਲੱਗਦੇ ਹਨ, ਪ੍ਰੰਤੂ ਅਚਾਨਕ ਸੰਕਲਪ ਨੂੰ ਨਾਮੁਰਾਦ ਬਿਮਾਰੀ ਘੇਰ ਲੈਂਦੀ ਹੈ। ਅਜਿਹੇ ਮੌਕੇ 'ਤੇ ਪਰਵਾਸ ਤੋਂ ਸੰਕਲਪ ਦਾ ਪ੍ਰਾਜੈਕਟ ਪ੍ਰਵਾਨ ਹੋ ਜਾਂਦਾ ਹੈ। ਇਥੇ ਆ ਕੇ ਕਹਾਣੀ ਖ਼ਤਮ ਹੋ ਜਾਂਦੀ ਹੈ। 'ਯਾਤਰਾ ਅਜੇ ਮੁੱਕੀ ਨਹੀਂ' ਕਹਾਣੀ ਦਾ ਸਿੱਟਾ ਇਹ ਨਿਕਲਦਾ ਹੈ ਕਿ ਜੇਕਰ ਜ਼ਿੰਦਗੀ ਵਿੱਚ ਜਦੋਜਹਿਦ ਕੀਤੀ ਜਾਵੇ ਤਾਂ ਜ਼ਰੂਰ ਇੱਕ ਨਾ ਇੱਕ ਦਿਨ ਨਿਸ਼ਾਨੇ ਦੀ ਪ੍ਰਾਪਤੀ ਹੋ ਜਾਂਦੀ ਹੈ। ਇਸ ਕਹਾਣੀ ਸੰਗ੍ਰਹਿ ਦੀ ਅੱਠਵੀਂ ਅਤੇ ਆਖ਼ਰੀ ਕਹਾਣੀ 'ਆਖ਼ਰੀ ਛੁੱਟੀ' ਵਿੱਚ ਸਮਾਜਿਕ ਤਾਣੇ-ਬਾਣੇ ਦੀ ਗਿਰਾਵਟ ਜਿਸ ਵਿੱਚ ਗ਼ਰੀਬੀ, ਵਹਿਮ-ਭਰਮ, ਲੁੱਟ-ਖੋਹ, ਨਸ਼ਿਆਂ ਅਤੇ ਬੱਚਿਆਂ ਨੂੰ ਚੁੱਕ ਕੇ ਭਿਖਾਰੀ ਬਣਾਉਣ ਵਰਗੇ ਮਹੱਤਵਪੂਰਨ ਵਿਸ਼ਿਆਂ ਸੰਬੰਧੀ ਜਾਣਕਾਰੀ ਦੇ ਕੇ ਚਿੰਤਾ ਪ੍ਰਗਟਾਈ ਗਈ ਹੈ। ਭਵਿਖ ਵਿੱਚ ਜਸਵਿੰਦਰ ਧਰਮਕੋਟ ਤੋਂ ਹੋਰ ਵਧੀਆ ਪ੍ਰੇਰਨਾਦਾਇਕ ਕਹਾਣੀਆਂ ਲਿਖਣ ਦੀ ਉਮੀਦ ਕੀਤੀ ਜਾ ਸਕਦੀ ਹੈ।

**112 ਪੰਨਿਆਂ, 225 ਰੁਪਏ ਕੀਮਤ ਵਾਲਾ ਇਹ ਕਹਾਣੀ ਸੰਗ੍ਰਹਿ ਚੇਤਨਾ ਪ੍ਰਕਾਸ਼ਨ ਲੁਧਿਆਣਾ ਨੇ ਪ੍ਰਕਾਸ਼ਿਤ ਕੀਤਾ ਹੈ।**
**ਸੰਪਰਕ : ਜਸਵਿੰਦਰ ਧਰਮਕੋਟ 8146257200**

## ਭੰਡਾਰ ਹੈ ਬਾਲਮ

ਰੰਗਾਂ ਦਾ ਭੰਡਾਰ ਹੈ ਬਾਲਮ।
ਬਸ ਯਾਰਾਂ ਦਾ ਯਾਰ ਹੈ ਬਾਲਮ।
ਛਾਵਾਂ ਨਾਲ ਬਣਾ ਕੇ ਰਖਦਾ,
ਧੁੱਪਾਂ ਦਾ ਸ਼ਿੰਗਾਰ ਹੈ ਬਾਲਮ।
ਜਿੱਥੇ ਲੀਕਾਂ ਖਿੱਚ ਦਿੰਦਾ ਹੈ
ਫਿਰ ਪੱਕਾ ਇਕਰਾਰ ਹੈ ਬਾਲਮ।
ਦੁਸ਼ਮਣ ਵੀਂ ਤਾਰੀਫ਼ ਕਰੇਂਦੇ,
ਮਿਆਨ 'ਚ ਬੰਦ ਤਲਵਾਰ ਹੈ ਬਾਲਮ।
ਸ਼ੋਭਾ ਹੋਰ ਵਧਾ ਦਿੰਦਾ ਹੈ,
ਫੁੱਲਾਂ ਵਾਲਾ ਹਾਰ ਹੈ ਬਾਲਮ।
ਫੁੱਲਾਂ ਦੀ ਰਖਵਾਲੀ ਕਰਦਾ,
ਬੇਸ਼ਕ ਲਗਦਾ ਖਾਰ ਹੈ ਬਾਲਮ।
ਵੱਖੋ ਵਖਰੇ ਫੁਲ ਨੇ ਖਿੜ੍ਹਦੇ,
ਗ਼ਜ਼ਲਾਂ ਦਾ ਗੁਲਜ਼ਾਰ ਹੈ ਬਾਲਮ।
ਸੀਸ ਤਲੀ ਤੇ ਧਰ ਲੈਂਦਾ ਹੈ,
ਸੱਚਾ ਪਹਿਰੇਦਾਰ ਹੈ ਬਾਲਮ।
ਧਰਤੀ ਅੰਬਰ ਤਾਂ ਹੀ ਜਚਦੇ,
ਦੋਵਾਂ ਦੇ ਵਿਚਕਾਰ ਹੈ ਬਾਲਮ।
ਸੂਰਜ ਵਾਂਗੂੰ ਡੁਬਦਾ ਚੜ੍ਹਦਾ,
ਸਭ ਦਾ ਖ਼ਿਦਮਤਦਾਰ ਹੈ ਬਾਲਮ।
ਸੁੱਤੀ ਅਣਖ ਜਗਾ ਦਿੰਦਾ ਹੈ,
ਐਸੀ ਇਕ ਲਲਕਾਰ ਹੈ ਬਾਲਮ।
ਉਸ ਨਾਲ ਮਹਿਫ਼ਿਲ ਜੰਮ ਜਾਂਦੀ ਹੈ,
ਤਾਂਘਾਂ ਦਾ ਦਿਲਦਾਰ ਹੈ ਬਾਲਮ।
ਸਾਰੇ ਧਰਮਾਂ ਦਾ ਸੰਗ੍ਰਹਿ ਹੈ,
ਵੇਖਣ ਨੂੰ ਸਰਦਾਰ ਹੈ ਬਾਲਮ।
ਦੋ ਸਾਂਝਾਂ ਦੇ ਅੱਧ ਵਿਚਕਾਰੇ,
ਢਹਿ ਚੁੱਕੀ ਦੀਵਾਰ ਹੈ ਬਾਲਮ।
ਗ਼ਜ਼ਲ ਕਹਾਣੀ ਦੇ ਲਸ਼ਕਰ ਵਿਚ,
ਦੋ ਧਾਰੀ ਤਲਵਾਰ ਹੈ ਬਾਲਮ।
ਦਰਿਆ ਉਪਰ ਪੁੱਲ ਬਣਾਉਂਦਾ,
ਐਸਾ ਇਕ ਕਿਰਦਾਰ ਹੈ ਬਾਲਮ।
ਜਿਸ ਨੂੰ ਮਿਣਿਆਂ ਜਾ ਨਈਂ ਸਕਦਾ
ਧਰਤੀ ਦਾ ਆਕਾਰ ਹੈ ਬਾਲਮ।
ਗ਼ਜ਼ਲ ਸੁਣਾ ਕੇ ਮੋਹ ਲੈਂਦਾ ਹੈ,
ਬਾਲਮ ਆਖ਼ਿਰਕਾਰ ਹੈ ਬਾਲਮ।

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ